15-NOV-PAGE-1.qxd 11/14/2023 10:37 PM Page 1

ਬੁੱਧਵਾਰ, 15 ਨਵੰਬਰ, 2023
30 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 165

ਨਵਾਂ ਜ਼ਮਾਨਾ

DAILY NAWAN ZAMANA • WEDNESDAY, 15 NOVEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਫਲਸਤੀਨੀਆਂ ਦੀਆਂ ਭਾਰਤ ਤੋਂ ਉਮੀਦਾਂ ਮੁੱਕੀਆਂ

ਨਵੀਂ ਦਿੱਲੀ : ਫਲਸਤੀਨੀ ਰਾਜਦੂਤ ਅਦਨਾਨ ਅਬੂ ਅਲਹੈਜਾ ਨੇ ਕਿਹਾ ਹੈ ਕਿ ਇਜ਼ਰਾਈਲੀ ਹਮਲੇ ਨਾਲ ਲੱਗਭੱਗ 14 ਹਜ਼ਾਰ ਲੋਕ ਮਾਰੇ ਗਏ ਹਨ। ਲੱਗਭੱਗ 11300 ਦਾ ਤਾਂ ਰਿਕਾਰਡ ਹੈ, ਜਦਕਿ ਕਰੀਬ ਤਿੰਨ ਹਜ਼ਾਰ ਇਮਾਰਤਾਂ ਦੇ ਮਲਬੇ ਹੇਠ ਹਨ। ਬਹੁਤੇ ਹਸਪਤਾਲਾਂ ਨੂੰ ਇਜ਼ਰਾਈਲੀ ਫੌਜਾਂ ਨੇ ਘੇਰਿਆ ਹੋਇਆ ਹੈ। ਡਾਕਟਰ ਅਪ੍ਰੇਸ਼ਨ ਥੀਏਟਰ ਦੀ ਥਾਂ ਫਰਸ਼ਾਂ 'ਤੇ ਅਪ੍ਰੇਸ਼ਨ ਕਰਨ ਲਈ ਮਜਬੂਰ ਹਨ। ਬਿਜਲੀ ਨਾ ਮਿਲਣ ਕਾਰਨ ਦਰਜਨਾਂ ਨਵਜੰਮੇ ਬੱਚੇ ਮਰ ਗਏ ਹਨ।

ਭਾਰਤ ਦੀ ਸਰਕਰਦਾ ਅਖਬਾਰ 'ਇੰਡੀਅਨ ਐਕਸਪ੍ਰੈੱਸ' ਨੇ ਜਦੋਂ ਉਨ੍ਹਾ ਤੋਂ ਪੁੱਛਿਆ ਕਿ ਇਸ ਸਥਿਤੀ ਵਿਚ ਤੁਹਾਨੂੰ ਭਾਰਤ ਤੋਂ ਕੀ ਆਸਾਂ ਹਨ ਤਾਂ ਉਨ੍ਹਾ ਕਿਹਾ-ਮੈਂ ਭਾਰਤ ਤੋਂ ਕੋਈ ਆਸ ਨਹੀਂ ਕਰਦਾ। ਮੈਂ ਅਧਿਕਾਰੀਆਂ ਨਾਲ ਕਈ ਵਾਰ ਗੱਲ ਕੀਤੀ। ਉਨ੍ਹਾਂ ਕੁਝ ਨਹੀਂ ਕੀਤਾ। ਇਸ ਕਰਕੇ ਮੈਂ ਹੁਣ ਕੋਈ ਆਸ ਨਹੀਂ ਰੱਖਦਾ। ਭਾਰਤ ਦੇ ਵਿਦੇਸ਼ ਮੰਤਰੀ ਤੇ ਰੱਖਿਆ ਮੰਤਰੀ ਨੇ ਲੰਘੇ ਸ਼ੁੱਕਰਵਾਰ ਦਿੱਲੀ ਵਿਚ ਅਮਰੀਕਾ ਦੇ ਵਿਦੇਸ਼ ਮੰਤਰੀ ਤੇ ਰੱਖਿਆ ਮੰਤਰੀ ਨਾਲ ਗੱਲ ਕੀਤੀ। ਉਨ੍ਹਾਂ ਇਜ਼ਰਾਈਲ ਦੀ ਹਮਾਇਤ ਕੀਤੀ। ਇਸ ਕਰਕੇ ਮੈਂ ਭਾਰਤ ਤੋਂ ਕੋਈ ਆਸ ਨਹੀਂ ਰੱਖਦਾ।

ਗਾਜ਼ਾ ਦੇ ਅਲ ਸ਼ਿਫਾ ਹਸਪਤਾਲ ਵਿਚ ਬਿਜਲੀ ਬੰਦ ਹੋਣ ਕਾਰਨ ਨਵਜੰਮਿਆਂ ਨੂੰ ਨਿੱਘੇ ਰੱਖਣ ਲਈ ਇਨਕਿਊਬੇਟਰਾਂ ਵਿੱਚੋਂ ਕੱਢ ਕੇ ਬੈੱਡਾਂ 'ਤੇ ਨਾਲੋ-ਨਾਲ ਰੱਖਣਾ ਪਿਆ। ਇਜ਼ਰਾਈਲੀ ਫੌਜ ਨੇ ਹਸਪਤਾਲ ਦੀ ਘੇਰਾਬੰਦੀ ਕੀਤੀ ਹੋਈ ਹੈ। ਉਹ ਬਿਜਲੀ ਤੇ ਹੋਰ ਲੋੜੀਂਦੀਆਂ ਸਹੂਲਤਾਂ ਹਸਪਤਾਲ ਦੇ ਅੰਦਰ ਪਹੁੰਚਣ ਵਿਚ ਲਗਾਤਾਰ ਵਿਘਨ ਪਾ ਰਹੀ ਹੈ।

ਇਸੇ ਦੌਰਾਨ ਅਲ ਸ਼ਿਫਾ ਹਸਪਤਾਲ ਦੇ ਡਾਇਰੈਕਟਰ ਮੁਹੰਮਦ ਸਲੀਮੀਯਾਹ ਨੇ ਕਿਹਾ ਕਿ ਬਿਜਲੀ ਨਾ ਹੋਣ ਕਾਰਨ ਉਹ 7 ਨਵਜੰਮੇ ਬੱਚਿਆਂ ਤੇ 29 ਇੰਟੈਂਸਿਵ ਕੇਅਰ ਮਰੀਜ਼ਾਂ ਦੀਆਂ ਮ੍ਰਿਤਕ ਦੇਹਾਂ ਨੂੰ ਹਸਪਤਾਲ ਦੇ ਬਾਹਰ ਇੱਕੋ ਕਬਰ ਵਿਚ ਦਫਨਾਉਣ ਲਈ ਮਜਬੂਰ ਹੋਏ ਹਨ।

ਇਜ਼ਰਾਈਲ ਨੇ ਕਿਹਾ ਹੈ ਕਿ ਉਸ ਦੀ ਫੌਜ ਨੇ ਗਾਜ਼ਾ ਸ਼ਹਿਰ ਨੂੰ ਚਾਰੋਂ ਪਾਸਿਓਂ ਘੇਰ ਲਿਆ ਹੈ। ਇਸ ਦੇ ਨਾਲ ਹੀ ਇਕ ਇਜ਼ਰਾਈਲੀ ਫੌਜੀ ਨੇ ਦਾਅਵਾ ਕੀਤਾ ਹੈ ਕਿ ਫੌਜ ਨੇ ਹਮਾਸ ਦੀ ਸੰਸਦ 'ਤੇ ਕਬਜ਼ਾ ਕਰ ਲਿਆ ਹੈ। ਫੌਜ ਨੇ ਸੋਸ਼ਲ ਮੀਡੀਆ 'ਤੇ ਇਕ ਫੋਟੋ ਸ਼ੇਅਰ ਕੀਤੀ ਹੈ, ਜਿਸ 'ਚ ਦੇਖਿਆ ਜਾ ਸਕਦਾ ਹੈ ਕਿ ਦੀ ਗੋਲਾਨੀ ਬ੍ਰਿਗੇਡ ਦੇ ਫੌਜੀ ਸੰਸਦ ਭਵਨ ਦੇ ਅੰਦਰ ਮੌਜੂਦ ਹਨ ਅਤੇ ਉਹ ਆਪਣੇ ਦੇਸ਼ ਦਾ ਝੰਡਾ ਲਹਿਰਾਅ ਰਹੇ ਹਨ।

ਇਜ਼ਰਾਈਲ ਦੇ ਰੱਖਿਆ ਮੰਤਰੀ ਯੋਆਵ ਗੈਲੈਂਟ ਨੇ ਕਿਹਾ ਕਿ 16 ਸਾਲਾਂ ਤੋਂ ਗਾਜ਼ਾ ਪੱਟੀ 'ਤੇ ਕੰਟਰੋਲ ਕਰਨ ਵਾਲੇ ਹਮਾਸ ਦੇ ਅੱਤਵਾਦੀ ਹੁਣ ਆਪਣਾ ਕੰਟਰੋਲ ਗੁਆ ਚੁੱਕੇ ਹਨ।

ਪਹਿਲਾ ਸੈਮੀਫਾਈਨਲ ਅੱਜ

ਮੁੰਬਈ : ਵਿਸ਼ਵ ਕੱਪ ਕ੍ਰਿਕਟ ਦਾ ਪਹਿਲਾ ਸੈਮੀਫਾਈਨਲ ਬੁੱਧਵਾਰ ਇੱਥੇ ਭਾਰਤ ਤੇ ਨਿਊ ਜ਼ੀਲੈਂਡ ਵਿਚਾਲੇ ਖੇਡਿਆ ਜਾਵੇਗਾ। ਭਾਰਤ ਆਪਣੇ ਸਾਰੇ 9 ਲੀਗ ਮੈਚ ਜਿੱਤ ਕੇ ਸੈਮੀਫਾਈਨਲ 'ਚ ਪੁੱਜਾ ਹੈ, ਜਦਕਿ ਨਿਊ ਜ਼ੀਲੈਂਡ ਚਾਰ ਮੈਚਾਂ 'ਚ ਹਾਰ ਕੇ ਤੇ ਪੰਜ ਜਿੱਤ ਕੇ ਸੈਮੀਫਾਈਨਲ 'ਚ ਪੁੱਜਾ ਹੈ। 2019 ਵਿਚ ਭਾਰਤ ਸੈਮੀਫਾਈਨਲ 'ਚ ਨਿਊ ਜ਼ੀਲੈਂਡ ਤੋਂ ਹਾਰ ਗਿਆ ਸੀ। ਭਾਰਤ ਪਿਛਲੇ ਦੋ ਟੂਰਨਾਮੈਂਟਾਂ ਵਿਚ ਸੈਮੀਫਾਈਨਲ 'ਚ ਪੁੱਜਿਆ, ਪਰ ਫਾਈਨਲ ਤੋਂ ਖੁੰਝਦਾ ਰਿਹਾ। ਨਿਊ ਜ਼ੀਲੈਂਡ ਨੌਵੀਂ ਵਾਰ ਸੈਮੀਫਾਈਨਲ 'ਚ ਪੁੱਜਾ ਹੈ, ਜਦਕਿ ਭਾਰਤ ਅੱਠਵੀਂ ਵਾਰ।

5994 ਭਰਤੀ ਕੇਸ ਦੇ ਨਿਬੇੜੇ ਲਈ ਸਰਕਾਰ ਵੱਲੋਂ ਜ਼ੋਰਦਾਰ ਤਰੀਕੇ ਨਾਲ ਚਾਰਾਜੋਈ, ਅਗਲੀ ਸੁਣਵਾਈ 12 ਨੂੰ

ਚੰਡੀਗੜ੍ਹ (ਕ੍ਰਿਸ਼ਨ ਗਰਗ/ ਗੁਰਜੀਤ ਬਿੱਲਾ)

ਪੰਜਾਬ ਸਰਕਾਰ ਵੱਲੋਂ ਮੰਗਲਵਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ 5994 ਅਧਿਆਪਕਾਂ ਦੀ ਭਰਤੀ ਸੰਬੰਧੀ ਕੇਸ ਦੀ ਸੁਣਵਾਈ ਦੌਰਾਨ ਭਰਤੀ ਪ੍ਰਕਿਰਿਆ ਜਲਦ ਮੁਕੰਮਲ ਕਰਨ ਲਈ ਕੋਰਟ ਨੂੰ ਮਾਮਲੇ ਦਾ ਜਲਦ ਨਿਬੇੜਾ ਕਰਨ ਦੀ ਅਪੀਲ ਕੀਤੀ ਗਈ।

ਇਸ ਮਾਮਲੇ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ 5994 ਅਧਿਆਪਕਾਂ ਦੀ ਭਰਤੀ ਸੰਬੰਧੀ ਮਾਣਯੋਗ ਜਸਟਿਸ ਦੀਪਕ ਸਿੱਬਲ ਅਤੇ ਮਾਣਯੋਗ ਜਸਟਿਸ ਸੁਖਵਿੰਦਰ ਕੌਰ ਦੀ ਅਗਵਾਈ ਵਾਲੇ ਡਬਲ ਬੈਂਚ ਕੋਲ ਸੁਣਵਾਈ ਲਈ ਕੇਸ ਲੱਗਿਆ ਸੀ।

ਸੁਣਵਾਈ ਦੌਰਾਨ ਪੰਜਾਬ ਸਰਕਾਰ ਵੱਲੋਂ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਰਮਨਦੀਪ ਸਿੰਘ ਪੰਧੇਰ ਪੇਸ਼ ਹੋਏ। ਉਨ੍ਹਾ ਮਾਣਯੋਗ ਕੋਰਟ ਨੂੰ ਬੇਨਤੀ ਕੀਤੀ ਕਿ ਇਹ ਭਰਤੀ ਪ੍ਰਕਿਰਿਆ ਨੂੰ ਜਲਦ ਮੁਕੰਮਲ ਕਰਨਾ ਪੰਜਾਬ ਸਰਕਾਰ ਲਈ ਬਹੁਤ ਲਾਜ਼ਮੀ ਹੈ, ਕਿਉਂਕਿ ਇਸ ਨਾਲ ਸੂਬੇ ਦੇ ਉਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਨੂੰ ਪੂਰਾ ਕੀਤਾ ਜਾ ਸਕੇਗਾ, ਜਿੱਥੇ ਮੌਜੂਦਾ ਸਮੇਂ ਸਿਰਫ ਇੱਕ ਹੀ ਅਧਿਆਪਕ ਸਕੂਲ ਚਲਾ ਰਿਹਾ ਹੈ।

ਉਨ੍ਹਾ ਇਹ ਵੀ ਬੇਨਤੀ ਕੀਤੀ ਕਿ ਇਹ ਮਾਮਲਾ ਸੁਪਰੀਮ ਕੋਰਟ ਵਿੱਚ ਵੀ ਸੁਣਵਾਈ ਅਧੀਨ ਹੈ। ਜੇਕਰ ਉਸ ਦਾ ਫੈਸਲਾ ਜਲਦ ਨਹੀਂ ਆਉਂਦਾ ਤਾਂ ਮਾਣਯੋਗ ਹਾਈ ਕੋਰਟ ਹੀ ਇਸ ਸੰਬੰਧੀ ਕੋਈ ਅੰਤਰਮ ਫੈਸਲਾ ਦੇ ਦੇਵੇ, ਤਾਂ ਜੋ ਇਹ ਭਰਤੀ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾ ਕੋਰਟ ਨੂੰ ਇਸ ਮਾਮਲੇ ਦੀ ਅਗਲੀ ਸੁਣਵਾਈ ਜਲਦ ਤੋਂ ਜਲਦ ਤੈਅ ਕਰਨ ਦੀ ਵੀ ਬੇਨਤੀ ਕੀਤੀ, ਜਿਸ ਨੂੰ ਕੋਰਟ ਵੱਲੋਂ ਪ੍ਰਵਾਨ ਕਰਦਿਆਂ ਇਸ ਮਾਮਲੇ ਦੀ ਅਗਲੀ ਸੁਣਵਾਈ 12 ਦਸੰਬਰ ਨੂੰ ਤੈਅ ਕੀਤੀ ਗਈ ਹੈ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਇਸ ਭਰਤੀ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਨ ਲਈ ਸੂਬੇ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਨਿੱਜੀ ਦਿਲਚਸਪੀ ਲਈ ਜਾ ਰਹੀ ਹੈ ਅਤੇ ਕੋਰਟ ਵਿੱਚ ਇਸ ਮਾਮਲੇ ਦੇ ਜਲਦ ਨਿਬੇੜੇ ਲਈ ਵੀ ਉਨ੍ਹਾਂ ਵੱਲੋਂ ਐਡਵੋਕੇਟ ਜਨਰਲ ਬਰਾਂਚ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਇਸ ਮਾਮਲੇ ਨਾਲ ਸੰਬੰਧਤ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਵੱਲੋਂ 27 ਜੁਲਾਈ ਨੂੰ ਮੁਕੰਮਲ ਕਰ ਲਈ ਗਈ ਸੀ ਅਤੇ ਫੈਸਲਾ ਰਾਖਵਾਂ ਰੱਖ ਲਿਆ ਗਿਆ ਸੀ। ਸਕੂਲ ਸਿੱਖਿਆ ਮੰਤਰੀ ਬੈਂਸ ਵੱਲੋਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਜਾਰੀ ਕਰ ਦਿੱਤੀ ਗਈ ਹੈ ਕਿ ਜਿਵੇਂ ਹੀ ਸੁਪਰੀਮ ਕੋਰਟ ਵੱਲੋਂ ਫੈਸਲਾ ਸੁਣਾਇਆ ਜਾਂਦਾ ਹੈ ਤਾਂ ਇਸ ਮਾਮਲੇ ਦੇ ਨਿਪਟਾਰੇ ਲਈ ਹਾਈ ਕੋਰਟ ਵਿੱਚ ਸੀ ਐੱਮ ਐਪਲੀਕੇਸ਼ਨ ਦਾਇਰ ਕੀਤੀ ਜਾਵੇ, ਤਾਂ ਜੋ ਭਰਤੀ ਪ੍ਰਕਿਰਿਆ ਨੂੰ ਮੁਕੰਮਲ ਕਰਨ ਵਿਚ ਕੋਈ ਅੜਚਨ ਨਾ ਰਹੇ।

ਰਿਸ਼ੀ ਸੂਨਕ ਦੇ ਖਿਲਾਫ ਬਗਾਵਤ

ਲੰਡਨ : ਬਰਤਾਨਵੀ ਸਿਆਸਤ 'ਚ ਉਥਲ-ਪੁਥਲ ਦਰਮਿਆਨ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਖਿਲਾਫ ਉਨ੍ਹਾ ਦੀ ਹੀ ਕੰਜ਼ਰਵੇਟਿਵ ਪਾਰਟੀ ਦੀ ਸਾਂਸਦ ਐਂਡ੍ਰਿਆ ਜੌਕਿਨਜ਼ ਨੇ ਬੇਵਿਸਾਹੀ ਮਤੇ ਦਾ ਪੱਤਰ ਲਿਖਿਆ ਹੈ। ਉਸ ਨੇ ਪੱਤਰ ਵਿਚ ਲਿਖਿਆ ਹੈ—ਹੁਣ ਬਹੁਤ ਹੋ ਚੁੱਕਿਆ। ਸਾਡੀ ਪਾਰਟੀ ਦਾ ਆਗੂ ਇਕ ਅਜਿਹਾ ਵਿਅਕਤੀ ਹੈ, ਜਿਸ ਨੂੰ ਮੈਂਬਰਾਂ ਨੇ ਖਾਰਜ ਕਰ ਦਿੱਤਾ ਸੀ। ਹੁਣ ਵੰਨਗੀ ਪੋਲਾਂ ਤੋਂ ਵੀ ਸਾਬਤ ਹੋ ਗਿਆ ਹੈ ਕਿ ਲੋਕ ਸੂਨਕ ਨੂੰ ਪਸੰਦ ਨਹੀਂ ਕਰਦੇ। ਵੇਲਾ ਆ ਗਿਆ ਹੈ ਕਿ ਸੂਨਕ ਨੂੰ ਚਲੇ ਜਾਣਾ ਚਾਹੀਦਾ ਹੈ।

ਸੋਮਵਾਰ ਸੂਨਕ ਨੇ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੂੰ ਹਟਾ ਦਿੱਤਾ ਸੀ, ਜਿਸ ਤੋਂ ਪਾਰਟੀ ਦੇ ਕੁਝ ਆਗੂ ਨਾਰਾਜ਼ ਹਨ। ਐਂਡ੍ਰਿਆ ਨੇ ਕਿਹਾ ਹੈ—ਪਹਿਲਾਂ ਸੂਨਕ ਨੇ ਬੋਰਿਸ ਜੌਹਨਸਨ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਣ ਲਈ ਮਜਬੂਰ ਕੀਤਾ। ਹੁਣ ਕੈਬਨਿਟ ਵਿਚ ਮੌਜੂਦ ਇਕਲੌਤੀ ਅਜਿਹੀ ਆਗੂ, ਜਿਹੜੀ ਸੜਕਾਂ ਦੀ ਖਸਤਾ ਹਾਲਤ ਤੇ ਪੁਲਸ ਦੇ ਦੋਹਰੇ ਮਿਆਰ ਬਾਰੇ ਬੋਲਣ ਦੀ ਸਮਰੱਥਾ ਰੱਖਦੀ ਸੀ, ਨੂੰ ਵੀ ਕੱਢ ਦਿੱਤਾ ਗਿਆ ਹੈ।

ਜੇ 15 ਫੀਸਦੀ ਪਾਰਟੀ ਸਾਂਸਦ ਬੇਵਿਸਾਹੀ ਦੇ ਪੱਤਰ ਜਮ੍ਹਾਂ ਕਰਾ ਦਿੰਦੇ ਹਨ ਤਾਂ ਉਹ ਬੇਵਿਸਾਹੀ ਮਤੇ ਵਿਚ ਬਦਲ ਜਾਵੇਗਾ। ਸੁਏਲਾ ਨੂੰ ਹਟਾਉਣ ਲਈ 50 ਸਾਂਸਦਾਂ ਨੇ ਸੂਨਕ ਦਾ ਸਾਥ ਦਿੱਤਾ ਸੀ। ਹਾਲਾਂਕਿ ਡੇਲੀ ਮੇਲ ਅਖਬਾਰ ਦੀ ਰਿਪੋਰਟ ਮੁਤਾਬਕ ਸੂਨਕ ਨੂੰ ਕਈ ਅਜਿਹੇ ਪੱਤਰ ਵੀ ਮਿਲੇ ਸਨ, ਜਿਨ੍ਹਾਂ ਵਿਚ ਸੁਏਲਾ ਨੂੰ ਨਾ ਹਟਾਉਣ ਦੀ ਅਪੀਲ ਕੀਤੀ ਗਈ ਸੀ।

ਮਿਆਂਮਾਰ 'ਚ ਗਹਿਗਚ ਲੜਾਈ, ਦੋ ਹਜ਼ਾਰ ਤੋਂ ਵੱਧ ਲੋਕ ਮਿਜ਼ੋਰਮ 'ਚ ਦਾਖਲ

ਆਈਜ਼ੋਲ : ਮਿਆਂਮਾਰ ਦੇ ਚਿਨ ਸੂਬੇ 'ਚ ਫੌਜ ਦੇ ਹਵਾਈ ਹਮਲੇ ਅਤੇ ਭਾਰੀ ਗੋਲੀਬਾਰੀ ਕਾਰਨ ਮਿਜ਼ੋਰਮ 'ਚ 2000 ਤੋਂ ਵੱਧ ਲੋਕ ਦਾਖਲ ਹੋ ਗਏ ਹਨ। ਇਹ ਸਾਰੇ ਲੋਕ ਪਿਛਲੇ 24 ਘੰਟਿਆਂ 'ਚ ਸਰਹੱਦ ਪਾਰ ਕਰਕੇ ਮਿਜ਼ੋਰਮ ਵਿੱਚ ਦਾਖਲ ਹੋਏ। ਚਮਫਾਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਜੇਮਸ ਲਾਲਰਿਚਨ ਨੇ ਦੱਸਿਆ ਕਿ ਇਹ ਸਾਰੇ ਲੋਕ ਚਮਫਾਈ ਜ਼ਿਲ੍ਹੇ 'ਚ ਦਾਖਲ ਹੋਏ ਹਨ ਅਤੇ ਇਲਾਜ ਲਈ ਹਸਪਤਾਲ 'ਚ ਦਾਖਲ ਹਨ।

ਮਿਆਂਮਾਰ ਦੀ ਫੌਜ ਅਤੇ ਮਿਲੀਸ਼ੀਆ ਸਮੂਹ ਪੀਪਲਜ਼ ਡਿਫੈਂਸ ਫੋਰਸ (ਪੀ ਡੀ ਐੱਫ) ਵਿਚਕਾਰ ਭਿਆਨਕ ਗੋਲੀਬਾਰੀ ਹੋਈ। ਲੜਾਈ ਉਦੋਂ ਸ਼ੁਰੂ ਹੋਈ ਜਦੋਂ ਪੀ ਡੀ ਐੱਫ ਨੇ ਮਿਆਂਮਾਰ ਦੇ ਚਿਨ ਰਾਜ 'ਚ ਖਾਵਮਾਵੀ ਅਤੇ ਰਿਖਾਵਦਰ 'ਚ ਦੋ ਫੌਜੀ ਠਿਕਾਣਿਆਂ 'ਤੇ ਹਮਲਾ ਕੀਤਾ। ਮਿਆਂਮਾਰ ਦੇ ਰਿਖਾਵਦਾਰ ਫੌਜੀ ਅੱਡੇ ਨੂੰ ਸੋਮਵਾਰ ਤੜਕੇ ਪੀਪਲਜ਼ ਡਿਫੈਂਸ ਫੋਰਸ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਸੀ ਅਤੇ ਖਾਵਮਾਵੀ ਫੌਜੀ ਅੱਡੇ ਨੂੰ ਵੀ ਦੁਪਹਿਰ ਤੱਕ ਕੰਟਰੋਲ 'ਚ ਕਰ ਲਿਆ ਗਿਆ ਸੀ। ਮਿਜ਼ੋਰਮ 'ਚ ਤੀਹ ਹਜ਼ਾਰ ਤੋਂ ਵੱਧ ਮਿਆਂਮਾਰ ਦੇ ਨਾਗਰਿਕ ਮੌਜੂਦ ਹਨ। ਜ਼ਿਆਦਾ ਸ਼ਰਨਾਰਥੀ ਕੈਂਪਾਂ ਵਿੱਚ ਰਹਿ ਰਹੇ ਹਨ। ਪੀਪਲਜ਼ ਡਿਫੈਂਸ ਫੋਰਸ ਨੇ ਮਿਆਂਮਾਰ ਵਿੱਚ ਫੌਜੀ ਰਾਜ ਦੇ ਖਿਲਾਫ ਜੰਗ ਛੇੜੀ ਹੋਈ ਹੈ। ਇਹ ਰਾਸ਼ਟਰੀ ਏਕਤਾ ਸਰਕਾਰ ਦਾ ਹਥਿਆਰਬੰਦ ਵਿੰਗ ਹੈ। ਪੀ ਡੀ ਐੱਫ 1 ਫਰਵਰੀ 2021 ਨੂੰ ਹੋਏ ਫੌਜੀ ਤਖਤਾਪਲਟ ਦੇ ਜਵਾਬ 'ਚ ਬਣਾਈ ਗਈ ਹੈ। ਇਸ ਸੰਗਠਨ ਦਾ ਉਦੇਸ਼ ਫੌਜੀ ਤਾਕਤ ਨਾਲ ਲੜਦੇ ਹੋਏ ਦੁਬਾਰਾ ਚੁਣੀ ਗਈ ਸਰਕਾਰ ਰਾਹੀਂ ਮਿਆਂਮਾਰ 'ਚ ਲੋਕਤੰਤਰ ਦੀ ਸਥਾਪਨਾ ਕਰਨਾ ਹੈ।

ਪੀ ਆਰ ਐੱਸ ਓਬਰਾਏ ਨਹੀਂ ਰਹੇ

ਨਵੀਂ ਦਿੱਲੀ : ਓਬਰਾਏ ਗਰੁੱਪ ਦੇ ਚੇਅਰਮੈਨ ਪ੍ਰਿਥਵੀ ਰਾਜ ਸਿੰਘ ਓਬਰਾਏ (94) ਦਾ ਮੰਗਲਵਾਰ ਦੇਹਾਂਤ ਹੋ ਗਿਆ। ਉਨ੍ਹਾ ਨੂੰ ਭਾਰਤੀ ਪ੍ਰਾਹੁਣਚਾਰੀ ਦੇ ਮੋਢੀ ਵਜੋਂ ਜਾਣਿਆ ਜਾਂਦਾ ਹੈ। ਵਿੱਕੀ ਦੇ ਨਾਂਅ ਨਾਲ ਮਸ਼ਹੂਰ ਪੀ ਆਰ ਐੱਸ ਓਬਰਾਏ ਦਾ ਜਨਮ 1929 'ਚ ਦਿੱਲੀ 'ਚ ਹੋਇਆ ਸੀ। ਉਨ੍ਹਾ ਨੂੰ ਭਾਰਤ ਤੇ ਵਿਦੇਸ਼ਾਂ ਦੇ ਮਹੱਤਵਪੂਰਨ ਸ਼ਹਿਰਾਂ 'ਚ ਕਈ ਲਗਜ਼ਰੀ ਹੋਟਲ ਖੋਲ੍ਹ ਕੇ ਓਬਰਾਏ ਹੋਟਲਾਂ ਨੂੰ ਕੌਮਾਂਤਰੀ ਨਕਸ਼ੇ 'ਤੇ ਲਿਆਉਣ ਦਾ ਸਿਹਰਾ ਜਾਂਦਾ ਹੈ।

ਛੇ ਦੋਸਤਾਂ ਦੀ ਮੌਤ

ਮੁਜ਼ੱਫਰਨਗਰ : ਦਿੱਲੀ-ਦੇਹਰਾਦੂਨ ਹਾਈਵੇਅ 'ਤੇ ਛਪਾਰ ਥਾਣਾ ਖੇਤਰ 'ਚ ਮੰਗਲਵਾਰ ਤੜਕੇ ਚਾਰ ਵਜੇ ਕਾਰ ਪਿੱਛਿਓਂ ਟਰੱਕ ਵਿੱਚ ਵੱਜਣ ਕਾਰਨ ਦਿੱਲੀ ਦੇ 6 ਕਾਰ ਸਵਾਰ ਦੋਸਤਾਂ ਦੀ ਮੌਤ ਹੋ ਗਈ। ਉਹ ਹਰਿਦੁਆਰ ਵੱਲ ਜਾ ਰਹੇ ਸਨ।

ਕਪਿਲ ਸ਼ਰਮਾ ਨੈੱਟਫਲਿਕਸ 'ਤੇ

ਮੁੰਬਈ : ਮਸ਼ਹੂਰ ਕਾਮੇਡੀਅਨ ਕਪਿਲ ਸ਼ਰਮਾ ਨੇ ਨਵੇਂ ਕਾਮੇਡੀ ਸ਼ੋਅ ਲਈ ਓ ਟੀ ਟੀ ਪਲੇਟਫਾਰਮ ਨੈੱਟਫਲਿਕਸ ਨਾਲ ਭਾਈਵਾਲੀ ਕੀਤੀ ਹੈ। ਇਸ 'ਚ ਕਪਿਲ ਦੇ ਨਾਲ ਉਨ੍ਹਾ ਦੇ ਸਹਿ ਕਲਾਕਾਰ ਅਰਚਨਾ ਪੂਰਨ ਸਿੰਘ, ਕ੍ਰਿਸ਼ਨਾ ਅਭਿਸ਼ੇਕ, ਕੀਕੂ ਸ਼ਾਰਦਾ ਅਤੇ ਰਾਜੀਵ ਠਾਕੁਰ ਵੀ ਨਜ਼ਰ ਆਉਣਗੇ।

ਬਲਾਤਕਾਰੀ ਨੂੰ ਮੌਤ ਦੀ ਸਜ਼ਾ

ਕੋਚੀ : ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਬਾਰੇ ਵਿਸ਼ੇਸ਼ ਅਦਾਲਤ ਦੇ ਜੱਜ ਕੇ ਸੋਮਨ ਨੇ ਬਿਹਾਰ ਦੀ ਪੰਜ ਸਾਲਾ ਬੱਚੀ ਨਾਲ ਬਲਾਤਕਾਰ ਅਤੇ ਕਤਲ ਦੇ ਦੋਸ਼ 'ਚ ਪਰਵਾਸੀ ਮਜ਼ਦੂਰ ਅਸ਼ਵਾਕ ਆਲਮ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਜਦੋਂ ਆਲਮ ਨੂੰ ਸਜ਼ਾ ਸੁਣਾਈ ਗਈ ਤਾਂ ਪੀੜਤਾ ਦੇ ਮਾਤਾ-ਪਿਤਾ ਅਦਾਲਤ 'ਚ ਮੌਜੂਦ ਸਨ।

ਡਰੋਨ ਫੁੰਡਿਆ

ਚੰਡੀਗੜ੍ਹ : ਫਿਰੋਜ਼ਪੁਰ ਜ਼ਿਲ੍ਹੇ ਵਿਚ ਭਾਰਤ-ਪਾਕਿਸਤਾਨ ਸਰਹੱਦ ਨੇੜੇ ਖੇਤ ਵਿਚੋਂ ਡਰੋਨ ਬਰਾਮਦ ਹੋਇਆ ਹੈ। ਬੀ ਐੱਸ ਐੱਫ ਦੇ ਅਧਿਕਾਰੀ ਨੇ ਦੱਸਿਆ ਕਿ ਜਵਾਨਾ

15-NOV-PAGE-1.qxd 11/14/2023 10:38 PM Page 2

ਹੋਲੀ ਹਾਰਟ ਸਕੂਲ ਦੇ ਵਿਦਿਆਰਥੀਆਂ ਵੱਲੋਂ ਬਿਰਧ ਆਸ਼ਰਮ ਦਾ ਦੌਰਾ

ਅਜੀਤਵਾਲ (ਨਛੱਤਰ ਸੰਧੂ)- ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਨੇ ਸਕੂਲ ਡਾਇਰੈਕਟਰ ਅਮਿਤ ਪਲਤਾ ਤੇ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਦੀ ਅਗਵਾਈ ਹੇਠ ਬੇਗਮਪੁਰਾ ਭੋਰਾ ਸਾਹਿਬ ਨਾਨਕਸਰ ਵਿਖੇ ਬਿਰਧ ਆਸ਼ਰਮ ਦਾ ਦੌਰਾ ਕੀਤਾ। ਇਸ ਦੌਰਾਨ ਬੱਚਿਆਂ ਨੇ ਬਿਰਧ ਆਸ਼ਰਮ 'ਚ ਬਜ਼ੁਰਗਾਂ ਨੂੰ ਖਾਣ-ਪੀਣ ਦਾ ਸਾਮਾਨ, ਗਰਮ ਕੱਪੜੇ, ਕੰਬਲ ਆਦਿ ਵੰਡੇ ਤੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ। ਇਸ ਮੌਕੇ ਬੱਚਿਆਂ ਨੇ ਬਿਰਧ ਆਸ਼ਰਮ ਦੀ ਪੂਰੀ ਜਾਣਕਾਰੀ ਹਾਸਲ ਕੀਤੀ ਤੇ ਬਜ਼ੁਰਗਾਂ ਦੀ ਸੇਵਾ ਕੀਤੀ। ਇਸ ਦੌਰਾਨ ਸਕੂਲ ਅਧਿਆਪਕ ਗੁਰਪ੍ਰੀਤ ਸਿੰਘ ਤੇ ਦਲਜੀਤ ਸਿੰਘ ਬੱਚਿਆਂ ਦੇ ਨਾਲ ਸਨ। ਇਸ ਮੌਕੇ ਸਕੂਲ ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਸਕੂਲ ਦਾ ਮੁੱਖ ਉਦੇਸ਼ ਸਮੇਂ-ਸਮੇਂ 'ਤੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਦੇ ਗਿਆਨ 'ਚ ਵਾਧਾ ਕਰਨਾ ਹੈ ਅਤੇ ਇਸ ਤਰ੍ਹਾਂ ਦੇ ਵਿਜ਼ਿਟ ਕਰਵਾਏ ਜਾਂਦੇ ਰਹਿਣਗੇ। ਇਸ ਮੌਕੇ ਸਮੂਹ ਸਕੂਲ ਸਟਾਫ ਵੀ ਹਾਜ਼ਰ ਸੀ।

ਕਿੰਡਰ ਗਾਰਟਨ ਸਕੂਲ 'ਚ ਬਾਲ ਦਿਵਸ ਮਨਾਇਆ

ਸਮਰਾਲਾ (ਸੁਰਜੀਤ ਸਿੰਘ)-ਸਥਾਨਕ ਕਿੰਡਰ ਗਾਰਟਨ ਸੀ. ਸੈ. ਸਕੂਲ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਨੇ 'ਬਾਲ ਦਿਵਸ' ਮਨਾਇਆ, ਜਿਸ ਵਿੱਚ ਨੰਨ੍ਹੇ-ਮੁੰਨੇ ਬੱਚਿਆਂ ਨੇ ਕਵਿਤਾਵਾਂ ਤੇ ਦੇਸ਼ ਭਗਤੀ ਦੇ ਗੀਤਾਂ ਰਾਹੀਂ ਕਈ ਸੰਦੇਸ਼ ਸਾਂਝੇ ਕੀਤੇ। ਬੱਚਿਆਂ ਨੇ ਜਵਾਹਰ ਲਾਲ ਨਹਿਰੂ ਦੇ ਪਹਿਰਾਵੇ 'ਚ ਕਈ ਵੰਨਗੀਆਂ ਪੇਸ਼ ਕੀਤੀਆਂ। ਇਸ ਮੌਕੇ ਅਧਿਆਪਕਾਂ ਨੇ ਇਸ 'ਬਾਲ ਦਿਵਸ' ਬਾਰੇ ਆਪਣੇ ਵਿਚਾਰ ਬੱਚਿਆਂ ਨਾਲ ਸਾਂਝੇ ਕੀਤੇ। ਸਕੂਲ ਦੇ ਡਾਇਰੈਕਟਰ ਮੈਡਮ ਸਰਬਜੀਤ ਕੌਰ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੇ ਸਬੰਧ ਵਿੱਚ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੇ ਬੱਚਿਆਂ ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ, ਜਿਨ੍ਹਾਂ ਨੂੰ ਪਿਆਰ ਨਾਲ 'ਚਾਚਾ ਨਹਿਰੂ' ਕਰਕੇ ਜਾਣਿਆ ਜਾਂਦਾ ਹੈ ਤੇ ਉਨ੍ਹਾਂ ਦੇ ਦੱਸੇ ਮਾਰਗ 'ਤੇ ਚੱਲਣ ਦੀ ਸਲਾਹ ਦਿੱਤੀ। 'ਬਾਲ ਦਿਵਸ' ਦੇ ਮੌਕੇ 'ਤੇ ਜਿਹੜੇ ਵਿਦਿਆਰਥੀਆਂ ਦੀ ਹਾਜ਼ਰੀ ਜਮਾਤ ਵਿੱਚ 100% ਰਹੀ, ਨੂੰ ਸਕੂਲ ਮੈਨੇਜਮੈਂਟ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸਕੂਲ ਦੇ ਡਾਇਰੈਕਟਰ ਸਰਬਜੀਤ ਕੌਰ, ਪ੍ਰਿੰਸੀਪਲ ਰਣਜੋਤ ਕੌਰ ਤੇ ਸਮੂਹ ਸਟਾਫ ਨੇ ਬੱਚਿਆਂ ਨੂੰ ਬਾਲ ਦਿਵਸ ਦੀਆਂ ਵਧਾਈਆਂ ਦਿੱਤੀਆਂ।

ਪੰਜਾਬ ਮੇਲ ਯੂ.ਐੱਸ.ਏ. ਦੇ ਮੁੱਖ ਸੰਪਾਦਕ ਗੁਰਜਤਿੰਦਰ ਰੰਧਾਵਾ ਨੂੰ ਸਦਮਾ

ਫਰਿਜ਼ਨੋ (ਨ ਜ਼ ਸ)-ਫਰਿਜ਼ਨੋ ਨਿਵਾਸੀ ਗੁਰਸ਼ਰਨ ਸਿੰਘ ਘੁੰਮਣ ਬੀਤੀ 9 ਨਵੰਬਰ ਨੂੰ ਪਰਲੋਕ ਸਿਧਾਰ ਗਏ ਹਨ। ਉਹ 65 ਵਰ੍ਹਿਆਂ ਦੇ ਸਨ। ਸ੍ਰ. ਘੁੰਮਣ ਲੰਮੇ ਸਮੇਂ ਤੋਂ ਬਿਮਾਰੀ ਨਾਲ ਪੀੜਤ ਸਨ। ਉਹ ਫਰਿਜ਼ਨੋ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ। ਗੁਰਸ਼ਰਨ ਸਿੰਘ ਘੁੰਮਣ ਆਪਣੇ ਪਿੱਛੇ ਪਤਨੀ ਨਵਪ੍ਰੀਤ ਕੌਰ, ਬੇਟੇ ਸਨਮੀਤ ਸਿੰਘ ਸਨੀ ਘੁੰਮਣ, ਪਰਮਪ੍ਰੀਤ ਸਿੰਘ ਗੈਰੀ ਘੁੰਮਣ ਤੋਂ ਇਲਾਵਾ ਆਪਣਾ ਭਰੇ-ਪੂਰੇ ਪਰਿਵਾਰ ਨੂੰ ਰੋਂਦਿਆਂ-ਕੁਰਲਾਉਂਦਿਆਂ ਛੱਡ ਗਏ ਹਨ। ਸ੍ਰ. ਘੁੰਮਣ, ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਚੈਨਲ ਦੇ ਮੁੱਖ ਸੰਪਾਦਕ ਤੇ ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ ਦੇ ਜੀਜਾ ਜੀ ਸਨ। ਗੁਰਸ਼ਰਨ ਸਿੰਘ ਘੁੰਮਣ ਦਾ ਪਿਛੋਕੜ ਰੁਦਰਪੁਰ (ਯੂ.ਪੀ.) ਨਾਲ ਸੰਬੰਧਤ ਸੀ ਤੇ ਉਹ ਲੰਮਾ ਸਮਾਂ ਇਲਾਹਾਬਾਦ ਵੀ ਰਹੇ। ਸ੍ਰ. ਗੁਰਸ਼ਰਨ ਸਿੰਘ ਘੁੰਮਣ ਦੀ ਦੇਹ ਦਾ ਅੰਤਿਮ ਸੰਸਕਾਰ 15 ਨਵੰਬਰ ਨੂੰ ਦੁਪਹਿਰ 11 ਵਜੇ ਸ਼ਾਂਤ ਭਵਨ ਵਿਖੇ ਹੋਵੇਗਾ। ਉਪਰੰਤ ਗੁਰਦੁਆਰਾ ਸਾਹਿਬ ਵਿਖੇ ਅੰਤਿਮ ਅਰਦਾਸ ਹੋਵੇਗੀ।

ਲਾਇਬਰੇਰੀ ਨੂੰ ਅਲਮਾਰੀ ਭੇਟ

ਭੀਖੀ (ਧਰਮਵੀਰ ਸ਼ਰਮਾ)-ਕੇਨੈਡਾ ਵਾਸੀ ਸਿਮਰਨ ਕੌਰ ਪੁੱਤਰੀ ਕਾ. ਹਰਭਗਵਾਨ ਭੀਖੀ ਨੇ ਸਥਾਨਕ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬਰੇਰੀ ਨੂੰ ਅਲਮਾਰੀ ਭੇਟ ਕੀਤੀ। ਨਵਯੁਗ ਸਾਹਿਤ ਕਲਾ ਮੰਚ ਦੇ ਪ੍ਰਧਾਨ ਭੂਪਿੰਦਰ ਫ਼ੌਜੀ ਨੇ ਦੱਸਿਆ ਕਾ. ਹਰਭਗਵਾਨ ਭੀਖੀ ਦੀ ਬੇਟੀ ਸਿਮਰਨ ਭੀਖੀ, ਜੋ ਕੈਨੇਡਾ ਵਿਖੇ ਪੀ ਆਰ ਹੈ, ਨੇ ਆਪਣੇ ਦਾਦਾ ਸ਼੍ਰੀ ਹੇਮ ਰਾਜ ਦੀ ਯਾਦ ਵਿੱਚ ਲਾਇਬਰੇਰੀ ਨੂੰ ਅਲਮਾਰੀ ਭੇਟ ਕੀਤੀ। ਇਸ ਮੌਕੇ ਕਾ. ਹਰਭਗਵਾਨ ਭੀਖੀ ਨੇ ਕਿਹਾ ਕਿ ਬੱਚਿਆਂ ਨੂੰ ਸਾਹਿਤ ਨਾਲ ਜੋੜਨ ਲਈ ਲਾਇਬਰੇਰੀ ਵੱਲੋਂ ਵੱਡਾ ਉਪਰਾਲਾ ਕੀਤਾ ਜਾ ਰਿਹਾ ਹੈ ਤੇ ਇੱਥੇ ਹਰ ਪ੍ਰਕਾਰ ਦੇ ਸਾਹਿਤਕ ਪ੍ਰੋਗਰਾਮ ਕੀਤੇ ਜਾਂਦੇ ਹਨ। ਮੰਚ ਦੇ ਸਾਰੇ ਮੈਂਬਰਾਂ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐੱਸ ਡੀ ਓ ਰਾਜਿੰਦਰ ਸਿੰਘ ਰੋਹੀ, ਗੁਰਿੰਦਰ ਔਲਖ, ਐੱਸ ਅਮਰੀਕ ਭੀਖੀ, ਬਲਦੇਵ ਸਿੱਧੂ, ਰਾਜਿੰਦਰ ਜਾਫਰੀ, ਡੀ ਪੀ ਜਿੰਦਲ, ਹਰਵਿੰਦਰ ਭੀਖੀ, ਨਵਦੀਪ ਕੌਰ ਆਦਿ ਹਾਜ਼ਰ ਸਨ।

ਅਭਿਜੋਤ ਸਿੰਘ ਨੂੰ ਕੀਤਾ ਸਨਮਾਨਤ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਮੁਕਤਸਰ ਸਾਹਿਬ ਅਜੈ ਸ਼ਰਮਾ ਅਤੇ ਖੇਡਾਂ ਇੰਚਾਰਜ ਜਗਦੀਪ ਸਿੰਘ ਬੀ ਪੀ ਈ ਓ ਦੀ ਰਹਿਨੁਮਾਈ ਹੇਠ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਕਰਵਾਈਆਂ ਗਈਆਂ। ਜਿਸ ਵਿੱਚ ਲਗਭਗ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਾਰੇ ਪ੍ਰਾਇਮਰੀ ਸਕੂਲਾਂ ਨੇ ਭਾਗ ਲਿਆ। ਇਨ੍ਹਾਂ ਜ਼ਿਲ੍ਹਾ ਪੱਧਰੀ ਖੇਡਾਂ 'ਚ ਜ਼ਿਮਨਾਸਟਿਕ ਖੇਡ 'ਚ ਸਰਕਾਰੀ ਪ੍ਰਾਇਮਰੀ ਸਕੂਲ ਮੁਹੱਲਾ ਵਾਟਰ ਵਰਕਸ ਦੋਦਾ ਦੇ ਹੋਣਹਾਰ ਖਿਡਾਰੀ ਅਭਿਜੋਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਮੁੱਖ ਅਧਿਆਪਕ ਵਿਨੋਦ ਕੁਮਾਰ ਨੇ ਦੱਸਿਆ ਕਿ ਇਹ ਅਭਿਜੋਤ ਸਿੰਘ ਦੀ ਮਿਹਨਤ ਦਾ ਫਲ ਹੈ। ਉਸ ਨੂੰ ਸਕੂਲ ਪੁੱਜਣ 'ਤੇ ਸਾਰੇ ਸਟਾਫ ਨੇ ਸਨਮਾਨਤ ਕੀਤਾ। ਇਸ ਮੌਕੇ ਮੈਡਮ ਹਰਜਿੰਦਰ ਕੌਰ, ਚਰਨਜੀਤ ਕੌਰ, ਸੋਨਮ, ਮਨਪਿੰਦਰ ਸਿੰਘ, ਗੁਰਮੀਤ ਕੌਰ, ਜਸਕਰਨ ਸਿੰਘ ਆਦਿ ਹਾਜ਼ਰ ਸਨ।

ਪ੍ਰੀ ਪ੍ਰਾਇਮਰੀ ਬਾਲ ਮੇਲਾ ਕਰਵਾਇਆ

ਕੋਟ ਈਸੇ ਖਾਂ (ਅਰੋੜਾ)-ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਕੰਚਨ ਬਾਲਾ ਦੀ ਰਹਿਨੁਮਾਈ ਹੇਠ ਬਲਾਕ ਧਰਮਕੋਟ-2 ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਪ੍ਰੀ ਪ੍ਰਾਇਮਰੀ ਬਾਲ ਮੇਲੇ ਦਾ ਆਯੋਜਨ ਕੀਤਾ ਗਿਆ। ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਛੇ ਸਾਲ ਪੂਰੇ ਹੋਣ ਦੇ ਮੌਕ ਸੀ.ਐੱਚ.ਟੀਜ਼ ਸਾਹਿਬਾਨ ਸਵਰਨਜੀਤ ਸਿੰਘ ਸੈਂਟਰ ਮਹਿਲ, ਸੰਜੀਵ ਕੁਮਾਰ ਸੈਂਟਰ ਫਤਿਹਗੜ੍ਹ ਕੋਰੋਟਾਣਾ, ਕੁਲਵਿੰਦਰ ਸਿੰਘ ਸੈਂਟਰ ਕੋਟ ਈਸੇ ਖਾਂ, ਵੀਨਾ ਰਾਣੀ ਸੈਂਟਰ ਮੰਦਰ, ਰੁਬਿੰਦਰ ਕੌਰ ਸੈਂਟਰ ਕੜਿਆਲ, ਜਸਕੀਰਤ ਕੌਰ ਸੈਂਟਰ ਫਤਿਹਗੜ੍ਹ ਪੰਜਤੂਰ ਵੱਲੋਂ ਆਪਣੇ ਸੈਂਟਰ ਦੇ ਸਾਰੇ ਸਕੂਲਾਂ ਵਿੱਚ ਇਹ ਆਯੋਜਨ ਕਰਵਾਇਆ ਗਿਆ। ਇਸ ਸਮੇਂ ਸਕੂਲਾਂ ਵਿੱਚ ਕਰਵਾਈਆਂ ਜਾ ਰਹੀਆਂ ਗੁੱਡੀ ਘਰ, ਸਰੀਰਿਕ ਵਿਕਾਸ, ਰਚਨਾਤਮਕ ਕਾਰਨਰ, ਬੌਧਿਕ ਵਿਕਾਸ ਸੰਬੰਧੀ ਪ੍ਰੀ ਪ੍ਰਾਇਮਰੀ ਗਤੀਵਿਧੀਆਂ ਦੇ ਵੱਖ ਵੱਖ ਸਟਾਲ ਲਗਾਏ ਗਏ। ਸਕੂਲ ਵਿਦਿਆਰਥੀਆਂ ਨੇ ਫੈਂਸੀ ਡਰੈੱਸ, ਬਾਲ ਗੀਤ, ਸੋਲੋ ਡਾਂਸ ਆਦਿ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਸੈਸ਼ਨ 2024-25 ਦੇ ਨਵੇਂ ਦਾਖ਼ਲਿਆਂ ਦੀ ਸ਼ੁਰੂਆਤ ਕਰਕੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਵੀ ਕੀਤੀ ਗਈ। ਇਸ ਬਾਲ ਮੇਲੇ ਦੌਰਾਨ ਪਿੰਡਾਂ ਦੀਆਂ ਪੰਚਾਇਤਾਂ, ਸਕੂਲ ਮੈਨੇਜਮੈਂਟ ਕਮੇਟੀਆਂ, ਦਾਨੀ ਸੱਜਣਾਂ, ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ।

ਭਗਵਾਨ ਵਿਸ਼ਣੂੰ ਨੂੰ ਸਮਰਪਤ ਹੈ ਕੱਤਕ ਦਾ ਮਹੀਨਾ : ਸਵਾਮੀ ਕਮਲਾਨੰਦ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ੍ਰੀ ਕਲਿਆਣ ਕਮਲ ਆਸ਼ਰਮ ਹਰਿਦੁਆਰ ਕੇ ਅਨੰਤ ਸ੍ਰੀ ਵਿਭੂਸ਼ਿਤ 1008 ਮਹਾਮੰਡਲੇਸ਼ਵਰ ਸਵਾਮੀ ਸ੍ਰੀ ਕਮਲਾਨੰਦ ਗਿਰੀ ਨੇ ਕੱਤਕ ਮਹਾਂਉਤਸਵ ਤਹਿਤ ਪ੍ਰਵਚਨਾਂ ਦੀ ਅਮ੍ਰਿਤ ਵਰਖਾ ਕਰਦਿਆਂ ਕਿਹਾ ਕਿ ਕੱਤਕ ਦਾ ਮਹੀਨਾ ਭਗਵਾਨ ਵਿਸ਼ਣੂੰ ਨੂੰ ਸਮਰਪਤ ਹੈ। ਇਸ ਮਹੀਨੇ ਭਗਵਾਨ ਚਤੁਰਭੁਜ ਨਾਰਾਇਣ ਦੀ ਪੂਜਾ ਅਰਚਨਾ ਦਾ ਅਨੰਤ ਗੁਣਾ ਫਲ ਮਿਲਦਾ ਹੈ। ਮਹਾਮੰਡਲੇਸ਼ਵਰ ਸਵਾਮੀ ਕਮਲਾਨੰਦ ਗਿਰੀ ਨੇ ਇਹ ਵਿਚਾਰ ਟਿੱਬੀ ਸਾਹਿਬ ਰੋਡ ਸਥਿਤ ਸ੍ਰੀ ਰਾਮ ਭਵਨ ਵਿੱਖੇ ਚੱਲ ਰਹੇ ਕੱਤਕ ਮਹਾਂਉਤਸਵ ਤਹਿਤ ਮੰਗਲਵਾਰ ਨੂੰ ਪ੍ਰਵਚਨਾਂ ਦੀ ਅਮ੍ਰਿਤ ਵਰਖਾ ਕਰਦਿਆਂ ਕਹੇ। ਸਵਾਮੀ ਕਮਲਾਨੰਦ ਨੇ ਕਿਹਾ ਕਿ ਇਸ ਮਹੀਨੇ ਤੁਲਸੀ ਪੂਜਨ ਦਾ ਵੀ ਵਿਸ਼ੇਸ਼ ਮਹੱਤਵ ਹੈ। ਭਗਵਾਨ ਵਿਸ਼ਣੂੰ ਨੂੰ ਤੁਲਸੀ ਬਹੁਤ ਪਸੰਦ ਹੈ। ਕਤੱਕ ਦੇ ਮਹੀਨੇ ਸ਼ਰਧਾਲੂਆਂ ਨੂੰ ਜ਼ਮੀਨ 'ਤੇ ਸੌਣਾ ਚਾਹੀਦਾ ਹੈ ਤੇ ਬ੍ਰਹਮਚਰੀਆ ਦਾ ਪਾਲਣ ਕਰਨਾ ਚਾਹੀਦਾ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਮੌਜੂਦ ਸਨ।

ਦਿਹਾਤੀ ਸਫਾਈ ਕਰਮਚਾਰੀਆਂ ਨੇ ਪੰਚਾਇਤ ਮੰਤਰੀ ਦਾ ਪੁਤਲਾ ਫੂਕਿਆ

ਸਮੇਂ ਸਿਰ ਤਨਖ਼ਾਹਾਂ ਨਾ ਮਿਲਣ 'ਤੇ ਦੀਵਾਲੀ ਰਹੀ ਫਿੱਕੀ

ਸਿਰਸਾ (ਸੁਰਿੰਦਰ ਪਾਲ ਸਿੰਘ)

ਆਪਣੀਆਂ ਹੱਕੀ ਮੰਗਾਂ ਨਾ ਮੰਨੇ ਜਾਣ 'ਤੇ ਬੀ.ਡੀ.ਪੀ.ਓ. ਦਫ਼ਤਰ ਅੱਢਾਂ ਵਿਖੇ ਦਿਹਾਤੀ ਸਫਾਈ ਕਰਮਚਾਰੀਆਂ ਨੇ ਪੰਚਾਇਤ ਮੰਤਰੀ ਦਵਿੰਦਰ ਸਿੰਘ ਬਬਲੀ ਦਾ ਪੁਤਲਾ ਫੂਕਿਆ ਤੇ ਖੱਟਰ ਸਰਕਾਰ ਦਾ ਪਿੱਟ ਸਿਆਪਾ ਕੀਤਾ। ਦਿਹਾਤੀ ਸਫਾਈ ਕਰਮਚਾਰੀਆਂ ਨੂੰ ਸਮੇਂ ਸਿਰ ਤਨਖ਼ਾਹਾਂ ਨਾ ਮਿਲਣ ਕਾਰਨ ਇਸ ਵਾਰ ਦੀ ਦੀਵਾਲੀ ਫਿੱਕੀ ਰਹੀ।ਕਰਮਚਾਰੀਆਂ ਵੱਲੋਂ ਪਿਛਲੇ ਇੱਕ ਮਹੀਨੇ ਤੋਂ ਪੂਰੇ ਹਰਿਆਣਾ ਦੇ ਜ਼ਿਲ੍ਹਾ ਦਫਤਰਾਂ ਸਮੇਤ ਬੀ.ਡੀ.ਪੀ.ਓ. ਦਫ਼ਤਰਾਂ ਤੇ ਧਰਨੇ ਜਾਰੀ ਹਨ, ਪਰ ਅੱਜ ਤੱਕ ਭਾਜਪਾ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੋਨੂੰ ਵਾਲਮੀਕੀ ਨੇ ਦੱਸਿਆ ਕਿ ਮੌਜੂਦਾ ਸਰਕਾਰ ਨੇ ਪੰਚਾਇਤੀ ਖਾਤੇ ਵਿੱਚ ਬਜਟ ਜਮ੍ਹਾਂ ਕਰਵਾ ਦਿੱਤਾ ਹੈ, ਪਰ ਲੇਖਾਕਾਰ ਵਾਰ-ਵਾਰ ਸਰਕਾਰ ਨੂੰ ਲਿਖਤੀ ਪੱਤਰ ਭੇਜ ਕੇ ਮੰਗ ਕਰ ਰਹੇ ਹਨ ਕਿ ਸਫ਼ਾਈ ਸੇਵਕਾਂ ਨੂੰ ਤਨਖ਼ਾਹਾਂ ਦਿੱਤੀਆਂ ਜਾਣ ਜਾਂ ਨਾ ਦਿੱਤੀਆਂ ਜਾਣ।ਮੌਜੂਦਾ ਸਰਕਾਰ ਨੂੰ ਇਨ੍ਹਾਂ ਲੇਖਾਕਾਰਾਂ 'ਤੇ ਸਖਤ ਕਾਰਵਾਈ ਕਰਨੀ ਚਾਹੀਦੀ ਹੈ, ਨਹੀਂ ਤਾਂ ਆਉਣ ਵਾਲੀਆਂ ਚੋਣਾਂ ਦੌਰਾਨ ਪੂਰੇ ਹਰਿਆਣਾ ਦੇ ਸਫਾਈ ਕਰਮਚਾਰੀ ਸਰਕਾਰ ਨੂੰ ਕਰਾਰਾ ਜਵਾਬ ਦੇਣਗੇ, ਕਿਉਂਕਿ ਭਾਜਪਾ ਸਰਕਾਰ ਜਨਤਾ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਸਾਡੀਆਂ ਮੰਗਾਂ ਨੂੰ ਲਾਗੂ ਨਾ ਕੀਤਾ ਤਾਂ ਪੋਂਡੂ ਸਫ਼ਾਈ ਕਰਮਚਾਰੀ ਹਰਿਆਣਾ ਭਰ ਵਿੱਚ ਰੋਸ ਪ੍ਰਦਰਸ਼ਨ ਕਰਨਗੇ।

ਨੈਸ਼ਨਲ ਅਬੈਕਸ ਮੁਕਾਬਲੇ ਦੇ ਜੇਤੂਆਂ ਨੂੰ ਡੀ ਸੀ ਨੇ ਕੀਤਾ ਸਨਮਾਨਤ

ਰਾਮਪੁਰਾ ਫੂਲ (ਦਰਸ਼ਨ ਸਿੰਦਲ)

ਚੌਂਪੀਅਨਜ਼ ਨੈਸ਼ਨਲ ਅਬੈਕਸ ਮੁਕਾਬਲੇ ਪਹਿਲੀਆਂ 5 ਪੁਜ਼ੀਸ਼ਨਾਂ ਜਿੱਤ ਕੇ ਜ਼ਿਲ੍ਹੇ ਦਾ ਨਾਮ ਨੂੰ ਚਾਰ ਚੰਨ੍ਹ ਲਗਾਉਣ ਵਾਲੇ ਵਿਦਿਆਰਥੀਆਂ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤੇ ਜ਼ਿਲ੍ਹਾ ਸਿੱਖਿਆ ਵਿਭਾਗ ਵੱਲੋਂ ਉਚੇਚੇ ਤੌਰ 'ਤੇ ਸਨਮਾਨਤ ਕੀਤਾ ਗਿਆ। ਸ਼ਾਰਪ ਬ੍ਰੇਨਸ ਐਜੂਕੇਸ਼ਨ ਦੇ ਡਾਇਰੈਕਟਰ ਰੰਜੀਵ ਗੋਇਲ ਨੇ ਦੱਸਿਆ ਕਿ ਉਕਤ ਮੁਕਾਬਲੇ ਵਿੱਚ ਦੇਸ਼ ਭਰ 'ਚੋਂ 16000 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਸ ਵਿੱਚ ਰਾਮਪੁਰਾ ਫੂਲ ਨਾਲ ਸੰਬੰਧਤ ਵਿਦਿਆਰਥੀ ਡੋਲਕਿਤਾ ਸਪੁੱਤਰੀ ਅਰੁਣ ਕੁਮਾਰ, ਭਾਵਿਕ ਸਿੰਗਲਾ ਸਪੁੱਤਰ ਜਿਤੇਸ਼ ਸਿੰਗਲਾ, ਵਿਧੀ ਸਪੁੱਤਰੀ ਮਨਿੰਦਰ ਗਰਗ ਹਨੀ ਤੇ ਅਪੈਕਸ਼ਾ ਸਪੁੱਤਰੀ ਰੰਜੀਵ ਗੋਇਲ ਅਤੇ ਬਠਿੰਡਾ ਸ਼ਹਿਰ ਤੋਂ ਭਾਵੇਸ਼ ਗਰਗ ਸਪੁੱਤਰ ਸੁਰਿੰਦਰ ਪਾਲ ਨੇ ਆਪਣੀ ਆਪਣੀ ਕੈਟਾਗਿਰੀ 'ਚ ਪਹਿਲੇ ਇਨਾਮ ਜਿੱਤੇ ਸਨ।

ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਆਪਣੇ ਦਫਤਰ 'ਚ ਇਨ੍ਹਾਂ ਜੇਤੂ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ। ਉਨ੍ਹਾ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਪ੍ਰਾਪਤੀ ਦੇ ਨਾਲ ਪੂਰੇ ਜ਼ਿਲ੍ਹੇ ਦਾ ਨਾਮ ਰੋਸ਼ਨ ਹੋਇਆ ਹੈ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਦੀ ਉੱਨਤੀ 'ਚ ਅਹਿਮ ਯੋਗਦਾਨ ਦਿੰਦੇ ਹਨ। ਉਨ੍ਹਾ ਵਿਦਿਆਰਥੀਆਂ

15-Nov-PAGE- 3 qxd.qxd 11/14/2023 10:47 PM Page 1

ਤਰਕਸ਼ੀਲ ਸੁਸਾਇਟੀ ਵੱਲੋਂ ਜਥੇਬੰਦਕ ਮਜ਼ਬੂਤੀ ਤੇ ਸੱਭਿਆਚਾਰਕ ਬਦਲ ਉਸਾਰਨ 'ਤੇ ਜ਼ੋਰ

* ਭਲਕੇ ਚੇਤਨਾ ਪ੍ਰੀਖਿਆ ਸਬੰਧੀ ਬਰਨਾਲਾ ਵਿਖੇ ਹੋਵੇਗਾ ਸੂਬਾਈ ਸਨਮਾਨ ਸਮਾਰੋਹ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮਾਝਾ ਜ਼ੋਨ ਦੀ ਛਿਮਾਹੀ ਇਕੱਤਰਤਾ ਸੂਬਾਈ ਆਗੂ ਜਸਵਿੰਦਰ ਫਗਵਾੜਾ ਦੀ ਨਿਗਰਾਨੀ ਹੇਠ ਪਿੰਡ ਗੋਪਾਲਪੁਰ ਮਜਵਿੰਡ ਵਿਖੇ ਹੋਈ ਜਿਸ ਵਿਚ ਜ਼ੋਨ ਦੀਆਂ ਅੰਮ੍ਰਿਤਸਰ, ਗੁਰਦਾਸਪੁਰ, ਗੋਪਾਲਪੁਰ-ਮਜਵਿੰਡ, ਤਰਨਤਾਰਨ, ਜੇਡਿਆਲਾ, ਧਾਰੀਵਾਲ ਭੋਜਾਂ, ਚੋਹਲਾ ਸਾਹਿਬ ਅਤੇ ਖਿਲਚੀਆਂ ਇਕਾਈਆਂ ਦੇ ਆਗੂ ਅਤੇ ਮੈਂਬਰ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ। ਇਸ ਮੌਕੇ ਪਹਿਲੇ ਸੈਸ਼ਨ ਵਿੱਚ 'ਜਥੇਬੰਦਕ ਮਜ਼ਬੂਤੀ ਅਤੇ ਸੱਭਿਆਚਾਰਕ ਬਦਲ' ਵਿਸ਼ੇ ਸਬੰਧੀ ਵਿਚਾਰ ਪ੍ਰਗਟ ਕਰਦਿਆਂ ਸੂਬਾਈ ਆਗੂ ਜਸਵਿੰਦਰ ਫਗਵਾੜਾ ਨੇ ਕਿਹਾ ਕਿ ਵਿਗਿਆਨਕ ਵਿਚਾਰਧਾਰਾ ਲੋਕ ਪੱਖੀ ਸਮਾਜਿਕ ਅਤੇ ਸੱਭਿਆਚਾਰਕ ਤਬਦੀਲੀ ਦਾ ਮੁੱਖ ਆਧਾਰ ਹੈ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਸਮਾਜ ਵਿਚ ਅੰਧ ਵਿਸ਼ਵਾਸਾਂ, ਵਹਿਮਾਂ-ਭਰਮਾਂ, ਅਖੌਤੀ ਚਮਤਕਾਰਾਂ, ਸਮਾਜਿਕ ਬੁਰਾਈਆਂ ਅਤੇ ਪਾਖੰਡੀ ਬਾਬਿਆਂ ਦੇ ਖਿਲਾਫ ਵਿਗਿਆਨਕ ਚੇਤਨਾ ਵਿਕਸਤ ਕਰਨ ਅਤੇ ਇਕ ਸਿਹਤਮੰਦ ਸੱਭਿਆਚਾਰਕ ਬਦਲ ਉਸਾਰਨ ਦੇ ਖੇਤਰ ਵਿਚ ਲਗਾਤਾਰ ਅੱਗੇ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਦੀ ਜਥੇਬੰਦਕ ਮਜ਼ਬੂਤੀ ਲਈ ਤਰਕਸ਼ੀਲ ਇਕਾਈਆਂ ਦੀਆਂ ਨਿਯਮਤ ਮੀਟਿੰਗਾਂ ਦੇ ਨਾਲ ਨਾਲ ਸੂਬਾ ਅਤੇ ਜ਼ੋਨ ਕਮੇਟੀ ਵੱਲੋਂ ਦਿੱਤੇ ਗਏ ਟੀਚਿਆਂ ਨੂੰ ਸਮਾਂਬੱਧ ਸੀਮਾ ਵਿਚ ਪੂਰਾ ਕਰਨ ਅਤੇ ਜੱਥੇਬੰਦੀ ਵਿਚ ਜ਼ਾਬਤੇ ਤੇ ਜਵਾਬਦੇਹੀ ਦੇ ਅਨੁਸ਼ਾਸਨ ਨੂੰ ਸਹੀ ਢੰਗ ਨਾਲ ਲਾਗੂ ਕਰਨ ਦੀ ਲੋੜ ਹੈ।

ਦੂਜੇ ਸੈਸ਼ਨ ਵਿੱਚ ਵੱਖ-ਵੱਖ ਤਰਕਸ਼ੀਲ ਇਕਾਈਆਂ ਦੇ ਜੱਥੇਬੰਦਕ ਆਗੂਆਂ ਮਾਸਟਰ ਤਸਵੀਰ ਸਿੰਘ, ਜਸਪਾਲ ਬਾਸਰਕੇ, ਕੈਪਟਨ ਸਿੰਘ ਮਾਨਾਂ ਵਾਲਾ, ਤਰਲੋਚਨ ਗੁਰਦਾਸਪੁਰ, ਦੀਵਾਨ ਸਿੰਘ ਧਾਰੀਵਾਲ ਭੋਜਾਂ, ਸੇਵਾ ਸਿੰਘ ਮਜਵਿੰਡ ਅਤੇ ਸੁਖਵਿੰਦਰ ਖਾਰਾ ਵੱਲੋਂ ਪਿਛਲੇ ਛੇ ਮਹੀਨਿਆਂ ਵਿਚ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਉਣ, ਡਾ. ਦਾਭੋਲਕਰ ਯਾਦਗਾਰੀ ਹਫਤਾ ਮਨਾਉਣ, ਤਰਕਸ਼ੀਲ ਮੈਗਜ਼ੀਨ ਦੀ ਗਿਣਤੀ ਵਧਾਉਣ ਅਤੇ ਸੂਬਾ ਕਮੇਟੀ ਵਲੋਂ ਦਿੱਤੇ ਟੀਚਿਆਂ ਨੂੰ ਪੂਰਾ ਕਰਨ ਸਬੰਧੀ ਕੀਤੀਆਂ ਸਰਗਰਮੀਆਂ ਅਤੇ ਕਾਰਗੁਜ਼ਾਰੀ ਦੀਆਂ ਰਿਪੋਰਟਾਂ ਪੇਸ਼ ਕੀਤੀਆਂ ਗਈਆਂ ਜਿਸ ਉਤੇ ਹੋਈ ਭਖਵੀਂ ਬਹਿਸ ਵਿੱਚ ਵੱਖ-ਵੱਖ ਇਕਾਈਆਂ ਦੇ ਮੈਂਬਰਾਂ ਨੇ ਹਿੱਸਾ ਲਿਆ। ਇਸ ਤੋਂ ਇਲਾਵਾ ਤੀਜੇ ਅਤੇ ਆਖਰੀ ਸੈਸ਼ਨ ਵਿਚ ਜ਼ੋਨ ਦੇ ਜੱਥੇਬੰਦਕ ਮੁਖੀ ਰਾਜਵੰਤ ਬਾਗੜੀਆਂ, ਵਿੱਤ ਅਤੇ ਮੈਗਜ਼ੀਨ ਵਿਭਾਗ ਦੇ ਮੁਖੀ ਮੁਖਤਿਆਰ ਗੋਪਾਲਪੁਰ, ਮੀਡੀਆ ਵਿਭਾਗ ਦੇ ਮੁਖੀ ਸੁਮੀਤ ਸਿੰਘ, ਮਾਨਸਿਕ ਸਿਹਤ ਮਸ਼ਵਰਾ ਵਿਭਾਗ ਦੇ ਮੁਖੀ ਮੈਡਮ ਰਣਜੀਤ ਗੱਗੋਮਾਹਲ ਅਤੇ ਸੱਭਿਆਚਾਰਕ ਵਿਭਾਗ ਦੇ ਮੁਖੀ ਸੰਦੀਪ ਧਾਰੀਵਾਲ ਭੋਜਾਂ ਵਲੋਂ ਆਪਣੇ ਆਪਣੇ ਵਿਭਾਗਾਂ ਦੀ ਪਿਛਲੇ ਛੇ ਮਹੀਨਿਆਂ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ ਗਈ ਜਿਸਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਮੌਕੇ ਆਉਣ ਵਾਲੇ ਛੇ ਮਹੀਨਿਆਂ ਦੀ ਕਾਰਜ ਵਿਉਂਤਬੰਦੀ ਵਿਚ ਤਰਕਸ਼ੀਲ ਮੈਂਬਰਾਂ ਦੇ ਪਰਿਵਾਰਾਂ ਵਿਚ ਤਰਕਸ਼ੀਲ ਸਭਿਆਚਾਰ ਵਿਕਸਤ ਕਰਨ ਲਈ ਇਕਾਈ ਪੱਧਰ ਤੇ ਤਰਕਸ਼ੀਲ ਪਰਿਵਾਰਕ ਮਿਲਣੀਆਂ ਕਰਨ ਦਾ ਫੈਸਲਾ ਵੀ ਲਿਆ ਗਿਆ। ਇਸ ਮੌਕੇ ਸਮੂਹ ਇਕਾਈਆਂ ਨੂੰ 16 ਨਵੰਬਰ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਵਿਦਿਆਰਥੀ ਚੇਤਨਾ ਪ੍ਰੀਖਿਆ ਸਬੰਧੀ ਹੋ ਰਹੇ ਸੂਬਾਈ ਸਨਮਾਨ ਸਮਾਗਮ ਵਿੱਚ ਸ਼ਾਮਿਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਗਈ। ਇਸ ਮੌਕੇ ਪਾਸ ਕੀਤੇ ਗਏ ਮਤਿਆਂ ਵਿਚ ਮੋਦੀ ਸਰਕਾਰ ਵਲੋਂ ਦੇਸ਼ ਵਿਚ ਫਿਰਕੂ ਫਾਸ਼ੀਵਾਦ ਉਭਾਰਨ ਅਤੇ ਅਣਐਲਾਨੀ ਐਮਰਜੈਂਸੀ ਲਾਗੂ ਕਰਨ ਦਾ ਡਟਵਾਂ ਵਿਰੋਧ ਕਰਦਿਆਂ ਝੂਠੇ ਕੇਸਾਂ ਹੇਠ ਜੇਲ੍ਹਾਂ ਵਿਚ ਨਜ਼ਰਬੰਦ ਬੁੱਧੀਜੀਵੀਆਂ, ਵਕੀਲਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਬਿਨਾਂ ਸਰਤ ਤੁਰੰਤ ਰਿਹਾਅ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਕਸ਼ੀਲ ਆਗੂ ਕਾ.ਬਲਕਾਰ ਦੁਧਾਲਾ, ਕਾਮਰੇਡ ਜੋਗਿੰਦਰ ਗੋਪਾਲਪੁਰ, ਮਾਸਟਰ ਕੁਲਜੀਤ ਵੇਰਕਾ, ਬਲਦੇਵ ਰਾਜ ਵੇਰਕਾ, ਰਾਜੂ ਝਾਕੋਲਾੜੀ, ਜਸਵਿੰਦਰ ਤਲਵੰਡੀ, ਮਾਸਟਰ ਬਲਬੀਰ ਸਿੰਘ, ਲਖਵਿੰਦਰ ਗੋਪਾਲਪੁਰ, ਸੁਖਮੀਤ ਸਿੰਘ, ਸ਼ੰਗਾਰਾ ਸਿੰਘ ਠੱਕਰ ਸੰਧੂ, ਰਘਬੀਰ ਸਿੰਘ ਰਤਨਗੜ੍ਹ, ਬਨਾਰਸੀ ਦਾਸ, ਮੇਲਾ ਰਾਮ ਬੀਈਓ, ਸਿਮਰਜੀਤ ਕੌਰ, ਸੁੱਚਾ ਸਿੰਘ ਪਸਨਾਵਾਲ, ਪ੍ਰੇਮ ਚੰਦ ਅਤੇ ਸਤਨਾਮ ਫੇਰੋਚੇਚੀ ਆਦਿ ਸ਼ਾਮਿਲ ਹੋਏ।

ਵੋਟਾਂ ਦੀ ਵਿਸ਼ੇਸ਼ ਸਰਸਰੀ ਸੁਧਾਈ ਬਾਬਤ ਬੱਚਿਆਂ ਵੱਲੋਂ ਰੰਗੋਲੀ ਪ੍ਰਦਰਸ਼ਨ

ਮਜੀਠਾ (ਸੋਇਮ ਆਨੰਦ)-ਜ਼ਿਲ੍ਹਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਲੋਂ ਜਾਰੀ ਕੀਤੀਆਂ ਹਦਾਇਤਾਂ ਮੁਤਾਬਕ ਐੱਸਡੀਐੱਮ ਮਜੀਠਾ ਕਮ ਚੋਣ ਰਜਿਸਟਰੇਸ਼ਨ ਅਫਸਰ 13 ਵਿਧਾਨ ਸਭਾ ਹਲਕਾ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਦੀ ਨਿਗਰਾਨੀ ਹੇਠ ਨੋਡਲ ਅਫਸਰ ਪ੍ਰਿੰਸੀਪਲ ਰੇਖਾ ਮਹਾਜਨ ਦੀ ਅਗਵਾਈ ਵਿਚ ਸਰਕਾਰੀ ਸਕੂਲਾਂ ਵਿਚ ਸਵੀਪ ਗਤੀਵਿਧੀਆਂ ਤਹਿਤ ਵਿਦਿਆਰਥੀਆਂ ਵਲੋਂ ਰੰਗ ਬਿਰੰਗੀਆਂ ਰੰਗੋਲੀਆਂ ਬਣਾ ਕੇ 2024 ਵਿਚ ਪੈਣ ਵਾਲੀਆਂ ਵੋਟਾਂ ਲਈ ਵੋਟਰ ਲਿਸਟਾਂ ਦੀ ਵਿਸ਼ੇਸ਼ ਸੁਧਾਈ ਅਧੀਨ ਨਵੀਂ ਵੋਟ ਬਣਾਉਣ, ਵੋਟ ਕਟਵਾਉਣ ਜਾਂ ਵੋਟਰ ਸੂਚੀ ਵਿਚ ਸੋਧ ਕਰਵਾਉਣ ਵਸਤੇ ਵੋਟਰਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਜਿਸ ਰਾਹੀਂ ਵੋਟਰਾਂ ਨੂੰ ਵੱਧ ਤੋਂ ਵੱਧ ਨਵੀਆਂ ਵੋਟਾਂ ਬਣਾਉਣ, ਵੋਟਰ ਸੂਚੀਆਂ ਵਿਚ ਸੁਧਾਈ ਕਰਾਉਣ ਲਈ ਜਾਣਕਾਰੀ ਦਿੱਤੀ ਜਾ ਰਹੀ ਹੈ ਤਾਂ ਕਿ ਵੋਟਾਂ ਵਾਲੇ ਦਿਨਾਂ ਵਿਚ ਵੋਟਰਾਂ ਨੂੰ ਕੋਈ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੇ ਨਾਲ ਹੀ ਵੋਟਰਾਂ ਨੂੰ ਨਿਰਪੱਖ ਹੋ ਕੇ ਬਿਨਾਂ ਕਿਸੇ ਡਰ, ਦਬਾਅ ਜਾਂ ਲਾਲਚ ਦੇ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਨ ਲਈ ਪ੍ਰੇਰਿਆ ਜਾ ਰਿਹਾ ਹੈ। ਇਸ ਮੌਕੇ ਸਕੂਲ ਨੋਡਲ ਅਫਸਰ ਪ੍ਰਿੰਸੀਪਲ ਰੇਖਾ ਮਹਾਜਨ, ਸਕੂਲ ਦੇ ਸਟਾਫ ਮੈਂਬਰ ਅਤੇ ਵਿਦਿਆਰਥੀ ਵੀ ਹਾਜ਼ਰ ਸਨ

ਪਿਸਤੌਲ ਦਿਖਾ ਕੇ ਲੁੱਟ-ਖੋਹ ਕਰਨ ਵਾਲੇ 4 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਬਹਿਰਾਮਪੁਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਮੋਹਨ ਲਾਲ ਪੁੱਤਰ ਮੁਲਖ ਰਾਜ ਵਾਸੀ ਅਵਾਂਖਾ ਨੇ ਪੁਲਸ ਨੂੰ ਦੱਸਿਆ ਕਿ 12 ਨਵੰਬਰ ਨੂੰ ਮੈਂ ਅਤੇ ਵਿੱਕੀ ਪੁੱਤਰ ਪ੍ਰਕਾਸ਼ ਚੰਦ ਵਾਸੀ ਬਹਿਰਾਮਪੁਰ ਆਪਣੇ ਘਰ ਵਾਲੀ ਗਲੀ ਸਾਹਮਣੇ ਬਾਬੇ ਪੀਰ ਵਾਲੀ ਜਗ੍ਹਾ ਦੇ ਮੋੜ 'ਤੇ ਖੜੇ ਸੀ ਕਿ ਇੱਕ ਆਲਟੋ ਕਾਰ ਰੰਗ ਸਿਲਵਰ ਸਿਵਲ ਹਸਪਤਾਲ ਵਾਲੀ ਸਾਈਡ ਤੋਂ ਆਈ ਜਿਸ ਵਿਚੋਂ 4 ਬੇਪਛਾਣੇ ਵਿਅਕਤੀ ਉਤਰੇ ਜਿਨ੍ਹਾਂ ਵਿਚੋਂ ਇੱਕ ਕੋਲ ਪਿਸਤੌਲ ਤੇ ਦੂਸਰੇ ਕੋਲ ਵੀ ਅਸਲਾ ਅਤੇ ਇੱਕ ਕੋਲ ਦਾਤਰ ਸੀ। ਇੱਕ ਵਿਅਕਤੀ ਗੱਡੀ ਵਿੱਚ ਡਰਾਈਵਰ ਸੀਟ 'ਤੇ ਬੈਠਾ ਰਿਹਾ, ਇਕ ਨੇ ਦਸਤੀ ਪਿਸਤੌਲ ਦਾ ਬੱਟ ਮੇਰੇ ਮੱਥੇ 'ਤੇ ਮਾਰ ਕੇ ਜੇਬ ਵਿਚੋਂ ਚਾਰ ਹਜ਼ਾਰ ਰੁਪਏ ਕੱਢੇ ਅਤੇ ਵਿੱਕੀ ਨੂੰ ਪਿਸਤੌਲ ਦਾ ਡਰਾਵਾ ਦੇ ਕੇ ਉਸ ਦੀ ਜੇਬ ਵਿਚੋਂ ਰੁਪਏ ਕੱਢ ਕੇ ਉਸ ਦਾ ਮੋਬਾਇਲ ਵੀ ਖੋਹ ਲਿਆ। ਗੁਲਸ਼ਨ ਕੁਮਾਰ ਅਤੇ ਗੌਰਵ ਦੇ ਮੋਬਾਇਲ ਫੋਨ ਵੀ ਖੋਹ ਕੇ ਲੈ ਗਏ, ਜਿਨ੍ਹਾਂ ਵਿਚੋਂ ਪਿਸਤੌਲ ਵਾਲੇ ਵਿਅਕਤੀ ਨੇ ਦੋ ਹਵਾਈ ਫਾਇਰ ਵੀ ਕੀਤੇ। ਥਾਣਾ ਬਹਿਰਾਮਪੁਰ ਪੁਲਸ ਨੇ 4 ਅਣਪਛਾਤੇ ਵਿਅਕਤੀਆਂ ਖ਼ਿਲਾਫ਼ 379 ਬੀ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

21 ਨੂੰ ਉੱਪ ਮੰਡਲ ਬਟਾਲਾ 'ਚ ਲੋਕਲ ਛੁੱਟੀ ਦਾ ਐਲਾਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਸ਼੍ਰੀ ਅਚਲੇਸ਼ਵਰ ਧਾਮ ਦੀ ਨੌਵੀਂ ਵਾਲੇ ਦਿਨ 21 ਨਵੰਬਰ 2023 ਨੂੰ ਉੱਪ ਮੰਡਲ ਬਟਾਲਾ ਵਿੱਚ ਪੈਂਦੀਆਂ ਪੰਜਾਬ ਸਰਕਾਰ ਦੇ ਸਮੂਹ ਦਫ਼ਤਰਾਂ, ਸਰਕਾਰੀ ਅਤੇ ਗੈਰ-ਸਰਕਾਰੀ ਵਿੱਦਿਅਕ ਸੰਸਥਾਵਾਂ ਵਿੱਚ ਲੋਕਲ ਛੁੱਟੀ ਦਾ ਐਲਾਨ ਕੀਤਾ ਹੈ। ਛੁੱਟੀ ਦਾ ਐਲਾਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਸ ਦਿਨ ਬੋਰਡ, ਯੂਨੀਵਰਸਿਟੀ ਅਤੇ ਵਿੱਦਿਅਕ ਸੰਸਥਾਵਾਂ ਵੱਲੋਂ ਲਈਆਂ ਜਾ ਰਹੀਆਂ ਪ੍ਰੀਖਿਆਵਾਂ ਪਹਿਲਾਂ ਦੀ ਤਰ੍ਹਾਂ ਹੀ ਹੋਣਗੀਆਂ।

ਹੈਰੋਇਨ ਅਤੇ ਡਰੱਗ ਮਨੀ ਸਮੇਤ ਦੋ ਵਿਅਕਤੀ ਕਾਬੂ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਦੇ ਏਐੱਸਆਈ ਸਤਪਾਲ ਸੀਆਈਏ ਸਟਾਫ ਗੁਰਦਾਸਪੁਰ ਨੇ ਸਮੇਤ ਪੁਲਸ ਪਾਰਟੀ ਤਲਾਸ਼ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਮੇਹਰ ਚੰਦ ਰੋਡ ਨੇੜੇ ਗੰਦਾ ਨਾਲਾ ਗੁਰਦਾਸਪੁਰ ਤੋਂ ਵੰਸ਼ ਸ਼ਰਮਾ ਪੁੱਤਰ ਰੂਪ ਲਾਲ ਸ਼ਰਮਾ ਵਾਸੀ ਗੁਰਦਾਸਪੁਰ, ਵਾਸੂ ਪੁੱਤਰ ਵਿਜੇ ਕੁਮਾਰ ਵਾਸੀ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਰ ਰੰਗ ਲਾਲ ਸਮੇਤ ਕਾਬੂ ਕਰਕੇ ਕੋਈ ਨਸ਼ੀਲਾ ਪਦਾਰਥ ਹੋਣ ਦਾ ਸ਼ੱਕ ਹੋਣ 'ਤੇ ਥਾਣਾ ਸਿਟੀ ਗੁਰਦਾਸਪੁਰ ਵਿਖੇ ਇਤਲਾਹ ਦਿੱਤੀ। ਇਸ ਤੋਂ ਬਾਅਦ ਤਫਤੀਸ਼ੀ ਅਫਸਰ ਸਵਿੰਦਰਜੀਤ ਸਿੰਘ ਨੇ ਸਮੇਤ ਪੁਲਸ ਪਾਰਟੀ ਮੌਕੇ 'ਤੇ ਪੁੱਜ ਕੇ ਕਾਬੂ ਕੀਤੇ ਦੋਸ਼ੀਆਂ ਦੀ ਤਲਾਸ਼ੀ ਕੀਤੀ। ਦੌਰਾਨੇ ਤਲਾਸ਼ੀ ਵੰਸ਼ ਸ਼ਰਮਾ ਤੋਂ 27 ਗ੍ਰਾਮ ਹੈਰੋਇਨ ਅਤੇ ਕਾਰ ਦੇ ਡੈਸ਼ ਬੋਰਡ ਵਿਚੋਂ ਇੱਕ ਕੰਪਿਊਟਰ ਕੰਡਾ ਅਤੇ 1,15,800 ਰੁਪਏ ਭਾਰਤੀ ਕਰੰਸੀ (ਡਰੱਗ ਮਨੀ) ਬ੍ਰਾਮਦ ਕੀਤੀ। ਪੁਲਸ ਨੇ ਉਕਤ ਦੋਸ਼ੀਆਂ ਖਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਛੋਟਾ ਨੰਗਲ ਦੇ ਨੌਜਵਾਨ ਦੀ ਲਿਬਨਾਨ 'ਚ ਮੌਤ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਦੀਆਂ ਦੇ ਨਾਲ ਲੱਗਦੇ ਪਿੰਡ ਛੋਟਾ ਨੰਗਲ ਦੇ ਇੱਕ ਨੌਜਵਾਨ ਦੀ ਵਿਦੇਸ਼ 'ਚ ਮੌਤ ਹੋਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਅਤੇ ਉਸ ਦੀ ਬੇਟੀ ਨੇ ਦੱਸਿਆ ਕਿ ਘਰ ਵਿੱਚ ਗਰੀਬੀ ਹੋਣ ਕਰਕੇ ਕਿ ਉਸ ਦੇ ਪਿਤਾ ਗੁਰਮੁਖ ਸਿੰਘ ਕਰੀਬ 14 ਸਾਲ ਪਹਿਲਾਂ ਲਿਬਨਾਨ ਕੰਮ ਕਾਰ ਲਈ ਗਏ ਸਨ ਜਿੱਥੋਂ ਕਿ ਪਿਛਲੇ ਦਿਨੀਂ ਉਨ੍ਹਾਂ ਨੂੰ ਫੋਨ ਆਇਆ ਕਿ ਉਸ ਦੇ ਪਿਤਾ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ ਹੈ। ਮ੍ਰਿਤਕ ਆਪਣੇ ਪਿੱਛੇ ਦੋ ਧੀਆਂ ਅਤੇ ਇੱਕ ਬੇਟਾ ਛੱਡ ਗਿਆ ਹੈ। ਪੀੜਤ ਪਰਿਵਾਰ ਇੱਕ ਸਧਾਰਨ ਅਤੇ ਗਰੀਬ ਪਰਿਵਾਰ ਹੈ ਜੋ ਕਿ ਇੰਨਾ ਸਮਰੱਥ ਨਹੀਂ ਕਿ ਵਿਦੇਸ਼ ਵਿੱਚੋਂ ਲਾਸ਼ ਨੂੰ ਆਪਣੇ ਖਰਚੇ 'ਤੇ ਭਾਰਤ ਮੰਗਵਾ ਸਕੇ। ਇਸ ਲਈ ਪਰਿਵਾਰ ਦੀ ਸਰਕਾਰ ਅੱਗੇ, ਸਮਾਜ ਸੇਵੀ ਸੰਸਥਾਵਾਂ ਅਤੇ ਐੱਨਆਰਆਈ ਵੀਰਾਂ ਅੱਗੇ ਅਪੀਲ ਹੈ ਕਿ ਉਨ੍ਹਾਂ ਦੇ ਪਿਤਾ ਗੁਰਮੁਖ ਸਿੰਘ ਦੀ ਮ੍ਰਿਤਕ ਦੇਹ ਨੂੰ ਵਿਦੇਸ਼ ਤੋਂ ਲਿਆਂਦਾ ਜਾਵੇ ਤਾਂ ਕਿ ਰੀਤੀ ਰਿਵਾਜਾਂ ਨਾਲ ਅੰਤਿਮ ਸੰਸਕਾਰ ਕੀਤਾ ਜਾ ਸਕੇ।

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਵਿਖੇ ਪੌਦੇ ਲਗਾਏ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ, ਜ਼ਿਲ੍ਹਾ ਤਰਨ ਤਾਰਨ ਵਿਦਿਆਰਥੀਆਂ ਨੂੰ ਸਿਰਫ਼ ਸਿੱਖਿਆ ਪ੍ਰਦਾਨ ਕਰਨ ਦੀ ਹੀ ਜ਼ਿੰਮੇਵਾਰੀ ਨਹੀਂ ਨਿਭਾਅ ਰਿਹਾ ਸਗੋਂ ਆਪਣੀ ਸਮਾਜਕ ਜ਼ਿੰਮੇਵਾਰੀ ਪ੍ਰਤੀ ਵੀ ਸੁਹਿਰਦਤਾ ਨਾਲ ਕਾਰਜ ਕਰ ਰਿਹਾ ਹੈ। ਕਾਲਜ ਦੇ ਪ੍ਰਿੰਸੀਪਲ ਡਾ: ਜਸਬੀਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਅਤੇ ਸਾਫ਼-ਸੁਥਰਾ ਰੱਖਣ ਲਈ ਕਾਲਜ ਵਿਖੇ ਪੌਦੇ ਲਗਾਉਣ ਦੀ ਮੁਹਿਮ ਤਹਿਤ ਜਸਪਾਲ ਸਿੰਘ ਨਾਗੀ (ਕਰੀਏਟਿਵ ਵੀਲਜ਼, ਨਿਊ ਅੰਮ੍ਰਿਤਸਰ) ਵੱਲੋਂ 27800 ਰੁਪਏ ਦੇ ਪੌਦਿਆਂ ਦੀ ਸੇਵਾ ਨਿਭਾਈ ਗਈ। ਕਾਲਜ ਵਿਖੇ ਨਵੇਂ ਬਣ ਰਹੇ ਹਰਬਲ ਗਾਰਡਨ ਦਾ ਵੀ ਇਸ ਮੌਕੇ ਪੌਦੇ ਲਾ ਕੇ ਸ਼ੁਭ ਆਰੰਭ ਕੀਤਾ ਗਿਆ। ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਆਨਰੇਰੀ ਸਕੱਤਰ ਹਰਜਿੰਦਰ ਸਿੰਘ ਬਿੱਲਿਆਂਵਾਲਾ ਵੱਲੋਂ ਜਸਪਾਲ ਸਿੰਘ ਦਾ ਧੰਨਵਾਦ ਕੀਤਾ ਗਿਆ ਤੇ ਉਨ੍ਹਾਂ ਕਾਲਜ ਪ੍ਰਬੰਧਕੀ ਕਮੇਟੀ ਦੇ ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਵਲੋਂ ਮਿਲੇ ਸੰਦੇਸ਼ ਵਿੱਚ ਜਸਪਾਲ ਸਿੰਘ ਨੂੰ ਸ਼ੁਭ ਇਛਾਵਾਂ ਦਿੱਤੀਆਂ। ਉਨਾਂ ਵਾਤਾਵਰਣ ਦੀ ਸਵੱਛਤਾ ਲਈ ਕੀਤੇ ਉਪਰਾਲੇ ਨੂੰ ਸ਼ਲਾਘਾਯੋਗ ਕੰਮ ਦੱਸਿਆ।

ਫਿਸ਼ ਪਾਰਕ ਗੁਰਦਾਸਪੁਰ 'ਚ ਆਵਾਰਾ ਘੁ

15-Nov-PAGE-4.qxd 11/14/2023 11:01 PM Page 1

ਨਵਾਂ ਜ਼ਮਾਨਾ
ਬੁੱਧਵਾਰ, 15 ਨਵੰਬਰ 2023

ਅਡਾਨੀ ਦਾ ਸਲਾਹਕਾਰ, ਸਰਕਾਰ ਦਾ ਵੀ ਸਲਾਹਕਾਰ

ਦੇਸ਼ ਦੇ ਸਭ ਤੋਂ ਵੱਡੇ ਕਾਰੋਬਾਰੀ ਗੌਤਮ ਅਡਾਨੀ ਦੀ ਮੋਦੀ ਸਰਕਾਰ ਵਿਚ ਕਿੰਨੀ ਘੁਸਪੈਠ ਹੈ, ਇਸ ਦਾ ਪਤਾ ਇਸ ਤੋਂ ਲਗਦਾ ਹੈ ਕਿ ਉਸ ਦੀ ਕੰਪਨੀ 'ਅਡਾਨੀ ਗ੍ਰੀਨ ਐਨਰਜੀ ਲਿਮਟਿਡ' ਦੇ ਸਲਾਹਕਾਰ ਜਨਾਰਧਨ ਚੌਧਰੀ, ਇਸ ਕੰਪਨੀ ਦੇ ਪ੍ਰੋਜੈਕਟ ਕਲੀਅਰ ਕਰਨ ਵਾਲੀ ਕੇਂਦਰੀ ਪਰਿਆਵਰਣ ਮੰਤਰਾਲੇ ਦੀ ਮਾਹਰ ਮੁਲੰਕਣ ਕਮੇਟੀ ਦੇ ਵੀ ਗੈਰ-ਸਰਕਾਰੀ ਸਲਾਹਕਾਰ ਬਣ ਗਏ ਹਨ। ਮੁਲੰਕਣ ਕਮੇਟੀ ਵਿਚਾਰ ਕਰਕੇ ਦੱਸਦੀ ਹੈ ਕਿ ਕਿਹੜੇ ਪ੍ਰੋਜੈਕਟ ਨੂੰ ਸਰਕਾਰ ਮਨਜ਼ੂਰੀ ਦੇਵੇ। ਕੇਂਦਰੀ ਮੰਤਰਾਲੇ ਨੇ 27 ਸਤੰਬਰ ਨੂੰ ਹਾਈਡਰੋ ਇਲੈਕਟ੍ਰੀਸਿਟੀ ਐਂਡ ਰਿਵਰ ਵੈਲੀ ਪ੍ਰੋਜੈਕਟਾਂ ਬਾਰੇ ਮੁਲੰਕਣ ਕਮੇਟੀ ਦੇ 7 ਗੈਰ-ਸਰਕਾਰੀ ਮੈਂਬਰ ਬਣਾਏ, ਜਿਨ੍ਹਾਂ ਵਿਚ ਚੌਧਰੀ ਨੂੰ ਸ਼ਾਮਲ ਕੀਤਾ ਗਿਆ। ਕਮੇਟੀ ਦੀ 17-18 ਅਕਤੂਬਰ ਨੂੰ ਮੀਟਿੰਗ ਹੋਈ ਸੀ। ਰਿਕਾਰਡ ਮੁਤਾਬਕ ਚੌਧਰੀ 17 ਅਕਤੂਬਰ ਦੀ ਮੀਟਿੰਗ ਵਿਚ ਸ਼ਾਮਲ ਹੋਏ ਸਨ। ਉਸੇ ਦਿਨ ਮਹਾਰਾਸ਼ਟਰ ਦੇ ਸਤਾਰਾ ਵਿਚ ਅਡਾਨੀ ਦੇ 1500 ਮੈਗਾਵਾਟ ਦੇ ਤਰਾਲੀ ਪੰਪਿੰਗ ਸਟੋਰੇਜ ਪ੍ਰੋਜੈਕਟ 'ਤੇ ਵਿਚਾਰਾਂ ਹੋਈਆਂ। ਕਮੇਟੀ ਨੇ ਕੁਝ ਸੋਧਾਂ ਤੋਂ ਬਾਅਦ ਪ੍ਰੋਜੈਕਟ ਅਡਾਨੀ ਦੀ ਕੰਪਨੀ ਨੂੰ ਦੇਣ ਦੀ ਸਿਫਾਰਸ਼ ਕਰ ਦਿੱਤੀ। ਚੌਧਰੀ ਨੇ ਸਫਾਈ ਦਿੱਤੀ ਕਿ ਜਦੋਂ ਪ੍ਰੋਜੈਕਟ 'ਤੇ ਵਿਚਾਰ ਹੋਈ, ਉਨ੍ਹਾ ਉਸ ਵਿਚ ਹਿੱਸਾ ਨਹੀਂ ਲਿਆ। ਜਦੋਂ ਮਾਮਲਾ ਸਾਹਮਣੇ ਆਇਆ ਤਾਂ ਉਹ ਗੈਰ-ਹਾਜ਼ਰ ਹੋ ਗਏ। ਇਹ ਧਿਆਨ ਵਿਚ ਲਿਆਉਣ ਕਿ ਰਿਕਾਰਡ ਵਿਚ ਤਾਂ ਉਹ ਗੈਰ-ਹਾਜ਼ਰ ਨਹੀਂ ਦਿਸਦੇ, ਚੌਧਰੀ ਨੇ ਕਿਹਾ ਕਿ ਉਹ ਰਿਕਾਰਡ ਠੀਕ ਕਰਾਉਣਗੇ।

ਚੌਧਰੀ ਨੈਸ਼ਨਲ ਹਾਈਡਰੋ ਇਲੈਕਟ੍ਰਿਕ ਪਾਵਰ ਕਾਰਪੋਰੇਸ਼ਨ ਦੇ ਡਾਇਰੈਕਟਰ ਦੇ ਅਹੁਦੇ ਤੋਂ ਮਾਰਚ 2020 ਵਿਚ ਰਿਟਾਇਰ ਹੋਏ ਸਨ ਤੇ ਅਪ੍ਰੈਲ 2022 ਵਿਚ ਅਡਾਨੀ ਗ੍ਰੀਨ ਐਨਰਜੀ ਲਿਮਟਿਡ ਦੇ ਸਲਾਹਕਾਰ (ਪੰਪ ਸਟੋਰੇਜ ਪਲਾਂਟ ਤੇ ਹਾਈਡਰੋ) ਬਣ ਗਏ ਸਨ। ਚੌਧਰੀ ਦਾ ਕਹਿਣਾ ਹੈ ਕਿ ਮੰਤਰਾਲੇ ਨੂੰ ਪਤਾ ਹੈ ਕਿ ਉਹ ਇਕ ਨਿੱਜੀ ਕੰਪਨੀ ਦੇ ਸਲਾਹਕਾਰ ਹਨ, ਪਰ ਉਹ ਕਿਸੇ ਦੇ ਮੁਲਾਜ਼ਮ ਨਹੀਂ ਤੇ ਉਹ ਕਿਸੇ ਹੋਰ ਨੂੰ ਵੀ ਸਲਾਹ ਦੇ ਸਕਦੇ ਹਨ। ਮੁਲੰਕਣ ਕਮੇਟੀ ਵਿਚ ਉਨ੍ਹਾ ਦੀ ਨਿਯੁਕਤੀ ਵੀ ਇਹ ਸੋਚ ਕੇ ਕੀਤੀ ਗਈ ਹੈ ਕਿ ਉਹ ਸਰਕਾਰ ਨੂੰ ਸਲਾਹ ਦੇਣਗੇ।

ਅਡਾਨੀ ਦੀ ਕੰਪਨੀ ਦੇ ਲਗਭਗ ਇਕ ਦਰਜਨ ਹੋਰ ਅਜਿਹੇ ਪ੍ਰੋਜੈਕਟ ਹਨ, ਜਿਨ੍ਹਾਂ 'ਤੇ ਮੁਲੰਕਣ ਕਮੇਟੀ ਨੇ ਵਿਚਾਰ ਕਰਕੇ ਸਿਫਾਰਸ਼ ਕਰਨੀ ਹੈ। ਚੌਧਰੀ ਇਹ ਕਹਿ ਕੇ ਪੱਲਾ ਨਹੀਂ ਛੁਡਾ ਸਕਦੇ ਕਿ ਅਡਾਨੀ ਦੇ ਪ੍ਰੋਜੈਕਟ 'ਤੇ ਵਿਚਾਰ ਸਮੇਂ ਉਹ ਗੈਰ-ਹਾਜ਼ਰ ਰਹੇ। ਕਮੇਟੀ ਵਿਚ ਹੋਰ ਵੀ ਗੈਰ-ਸਰਕਾਰੀ ਮੈਂਬਰ ਹਨ, ਉਹ ਵੀ ਕਿਸੇ ਨਾ ਕਿਸੇ ਕੰਪਨੀ ਨਾਲ ਜੁੜੇ ਹੋਣਗੇ। ਜੇ ਬਾਕੀਆਂ ਨੇ ਅਡਾਨੀ ਦੀ ਕੰਪਨੀ ਦੇ ਪ੍ਰੋਜੈਕਟ ਦੀ ਸਿਫਾਰਸ਼ ਕਰ ਦਿੱਤੀ ਹੈ ਤਾਂ ਭਲਕੇ ਜਦੋਂ ਉਨ੍ਹਾਂ ਦੀ ਕੰਪਨੀ ਦੇ ਪ੍ਰੋਜੈਕਟ 'ਤੇ ਵਿਚਾਰ ਹੋਈ ਤਾਂ ਉਹ ਵੀ ਗੈਰ-ਹਾਜ਼ਰੀ ਸ਼ੋਅ ਕਰ ਦਿਆ ਕਰ ਦੇਣਗੇ ਤੇ ਚੌਧਰੀ ਉਨ੍ਹਾਂ ਦੇ ਪ੍ਰੋਜੈਕਟ ਲਈ ਹਾਮੀ ਭਰ ਦਿਆ ਕਰਨਗੇ।

ਦੇਸ਼-ਵਿਆਪੀ ਜਾਤੀ ਜਨਗਣਨਾ ਕਿਉ ਨਹੀਂ ?

ਨਰਭਿੰਦਰ

ਜਾਤ ਆਧਾਰਤ ਮਰਦਮਸ਼ੁਮਾਰੀ ਨੇ ਇਕ ਵਾਰ ਫੇਰ ਚੋਣ ਰਾਜਨੀਤੀ ਵਿਚ ਭੁਚਾਲ ਲੈ ਆਂਦਾ ਹੈ। ਭਾਰਤੀ ਚੋਣਾਵੀ ਰਾਜਨੀਤੀ ਵਿੱਚ ਜਾਤ ਇੱਕ ਪ੍ਰਮੁੱਖ ਤੇ ਨਿਰਣਾਇਕ ਪਹਿਲੂ ਚਲਿਆ ਆ ਰਿਹਾ ਹੈ। ਹਾਲਾਂਕਿ ਇਸ ਨੂੰ ਆਧਾਰ ਬਣਾ ਕੇ ਚੋਣ ਲਾਹਾ ਲੈਣ ਵਾਲਿਆਂ ਨੇ ਦਲਿਤ, ਆਦਿਵਾਸੀ ਤੇ ਪਛੜੀਆਂ ਜਾਤਾਂ ਦੇ ਸਮਾਜਿਕ,ਆਰਥਿਕ ਵਿਕਾਸ ਤੇ ਰਾਜਸੀ ਹਿੱਸੇਦਾਰੀ ਵਿਚ ਕਦੇ ਵੀ ਗੰਭੀਰਤਾ ਨਹੀਂ ਦਿਖਾਈ। ਇਹ ਚੋਣਾਂ ਦੇ ਦੌਰ ਵਿਚ ਉਛਾਲਿਆ ਜਾਂਦਾ ਰਿਹਾ ਹੈ ਤੇ ਫਿਰ ਬੋਚ ਕੇ ਸੰਭਾਲ ਲਿਆ ਜਾਂਦਾ ਹੈ। ਦੂਸਰੇ ਪਾਸੇ ਹਕੀਕਤ ਇਹ ਹੈ ਕਿ ਭਾਰਤੀ ਸਮਾਜੀ ਬਣਤਰ ਵਿਚ ਜਿਸ ਵਿਚ ਵਰਣ ਵਿਵਸਥਾ ਭਾਵ ਜਾਤੀ ਵੰਡ-ਵਖਰੇਵਿਆਂ ਦੀ ਹੋਂਦ ਸੈਂਕੜੇਂ ਸਾਲ ਤੋਂ ਬਣੀ ਆ ਰਹੀ ਹੈ ਤੇ ਹੋਰ ਪੇਚੀਦਾ ਹੁੰਦੀ ਰਹੀ ਹੈ।

ਬਿਹਾਰ ਸਰਕਾਰ ਨੇ ਪਿਛਲੇ ਦਿਨੀਂ ਬਿਹਾਰ ਦੀ ਮਰਦਸ਼ੁਮਾਰੀ ਕਰਵਾ ਕੇ ਜਿਹੜੇ ਤੱਥ ਉਜਾਗਰ ਕੀਤੇ ਹਨ, ਉਹ ਗੰਭੀਰਤਾ ਦੀ ਮੰਗ ਕਰਦੇ ਹਨ। ਬਿਹਾਰ ਦੀ ਕੁੱਲ ਆਬਾਦੀ 13 ਕਰੋੜ 7 ਲੱਖ 25 ਹਜ਼ਾਰ 310 ਹੈ, ਜਿਸ 'ਚ ਪਿਛੜੇ ਵਰਗ ਦੀ ਆਬਾਦੀ ਚਾਰ ਕਰੋੜ 54 ਲੱਖ 63 ਹਜ਼ਾਰ 936 ਭਾਵ 27.12 ਫ਼ੀਸਦੀ ਹਨ, ਅਤਿ ਪਿਛੜੇ ਵਰਗ ਦੀ ਆਬਾਦੀ 4 ਕਰੋੜ 70 ਲੱਖ 80 ਹਜ਼ਾਰ 514 ਹੈ, ਜੋ 36.01 ਫ਼ੀਸਦੀ ਹੈ। ਅਨੁਸੂਚਿਤ ਜਾਤੀ ਦਾ ਹਿੱਸਾ 2 ਕਰੋੜ 56 ਲੱਖ 89 ਹਜ਼ਾਰ 820 ਭਾਵ 19.65 ਫ਼ੀਸਦੀ ਹੈ। ਅਨੁਸੂਚਿਤ ਜਨਜਾਤੀ ਦਾ ਹਿੱਸਾ 21 ਲੱਖ 99 ਹਜ਼ਾਰ 361 ਭਾਵ 1.68 ਫ਼ੀਸਦੀ ਹੈ। ਜਨਰਲ ਵਰਗ ਵਾਲਿਆਂ ਦੀ ਆਬਾਦੀ ਦੋ ਕਰੋੜ ਦੋ ਲੱਖ 21 ਹਜ਼ਾਰ 679 ਭਾਵ 15.52 ਫ਼ੀਸਦੀ ਹੈ। ਭਾਵ ਪਿਛੜੇ ਵਰਗ 63.13 ਫ਼ੀਸਦੀ ਦੇ ਲਗਭਗ ਹਨ ਤੇ ਅਨੁਸੂਚਿਤ ਜਾਤੀ ਤੇ ਜਨਜਾਤੀ ਦਾ ਹਿੱਸਾ 21.33 ਫ਼ੀਸਦੀ ਹੈ। ਉਪਰੋਕਤ ਕੁਲ 84.46 ਫ਼ੀਸਦੀ ਬਣਦਾ ਹੈ। ਬਾਕੀ ਉੱਚ ਜਾਤੀਆਂ 15.52 ਫ਼ੀਸਦੀ ਹੀ ਹਨ।

ਇਸੇ ਰਿਪੋਰਟ ਵਿਚ ਇਹ ਵੀ ਸਾਫ਼ ਹੋਇਆ ਕਿ ਬਿਹਾਰ ਵਿੱਚ 13 ਕਰੋੜ ਦੀ ਆਬਾਦੀ ਵਿੱਚੋਂ ਹਿੰਦੂ 82 ਫ਼ੀਸਦੀ ਹਨ, ਮੁਸਲਮਾਨ ਮਹਿਜ 17.7 ਫ਼ੀਸਦੀ ਹਨ। ਜੇ ਅੱਗੇ ਵਰਣਯੋਗ ਦੇ ਲਿਹਾਜ ਨਾਲ ਜਾਤੀਆਂ ਵੇਖੀਆਂ ਜਾਣ ਤਾਂ ਯਾਦਵ 14.26 ਫ਼ੀਸਦੀ, ਰਵੀਦਾਸੀ ਤੇ ਚਮਾਰ 5.28 ਫ਼ੀਸਦੀ, ਕੋਇਰੀ 4.2 ਫ਼ੀਸਦੀ, ਬ੍ਰਾਹਮਣ 3.63 ਫ਼ੀਸਦੀ, ਰਾਜਪੂਤ 5.65 ਫ਼ੀਸਦੀ, ਮੁਸਾਰ 3.08 ਫ਼ੀਸਦੀ, ਭੂਮੀਹਾਰ 2.86 ਫ਼ੀਸਦੀ, ਕੁਰਮੀ 2.8 ਫ਼ੀਸਦੀ, ਮੁਲਾਹ 2.60 ਫ਼ੀਸਦੀ ,ਬਣੀਆ 2.31 ਫ਼ੀਸਦੀ ਤੇ ਕਸ਼ਯਮ 0.60 ਫ਼ੀਸਦੀ ਆਦਿ ਹਨ।

ਦਰਅਸਲ ਇਹ ਤਸਵੀਰ ਭਾਰਤੀ ਸਮਾਜਿਕ ਬਣਤਰ ਦੀ ਹੈ। ਚੋਣ ਰਾਜਨੀਤੀ ਦੇ ਰਥਵਾਨ ਇਹਨੂੰ ਵੋਟ ਗਿਣਤੀ ਦੇ ਹਥਿਆਰ ਵਜੋਂ ਦੇਖਦੇ ਹਨ ਤੇ ਵਰਤਦੇ ਹਨ। ਇਹੋ ਕਾਰਨ ਕਿ ਕਾਂਗਰਸ ਤੋਂ ਲੈ ਕੇ 'ਇੰਡੀਆ' ਗਠਜੋੜ ਤੱਕ ਉਹਨੂੰ ਰਾਮਬਾਣ ਔਸ਼ਧੀ ਦੇ ਰੂਪ ਵਿਚ ਲਿਆ ਜਾ ਰਿਹਾ ਹੈ, ਦੂਸਰੇ ਪਾਸੇ ਸੰਘ ਤੇ ਭਾਜਪਾ ਦੀ ਸਾਰੀ ਖੇਡ ਵਿਗੜਦੀ ਲਗਦੀ ਹੈ। ਇਸੇ ਲਈ ਮੋਦੀ ਇਹਨੂੰ ਨਿਤੀਸ਼ ਸਰਕਾਰ ਦਾ ਸਭ ਤੋਂ ਵੱਡਾ ਪਾਪ ਕਹਿ ਕੇ ਨਕਾਰ ਰਿਹਾ ਹੈ, ਜਦੋਂ ਕਿ ਬਿਹਾਰ ਦੇ ਭਾਜਪਾਈਆਂ ਦਾ ਆਪਾ ਵਿਰੋਧੀ ਕਿਰਦਾਰ ਸਾਹਮਣੇ ਆ ਰਿਹਾ ਹੈ। ਕਦੇ ਇਹਦੇ ਹੱਕ ਕਿ ਤੇ ਕਿਤੇ ਇਹਦੇ ਵਿਰੋਧ ਵਿਚ ਬਿਆਨਬਾਜ਼ੀ ਕਰ ਰਹੇ ਹਨ।

ਭਾਜਪਾ ਦੀ ਮੋਦੀ ਹਕੂਮਤ ਨੇ 2021 ਵਿਚ ਮਰਦਮਸ਼ੁਮਾਰੀ ਕਰਵਾਉਣੀ ਸੀ, ਪਰ ਕੋਰੋਨਾ ਕਾਲ ਕਹਿ ਕੇ ਟਾਲ ਦਿੱਤੀ, ਜਿਹੜੀ ਅਜੇ ਤੱਕ ਨਹੀਂ ਹੋਈ। ਦਰਅਸਲ ਭਾਜਪਾ ਅਜੇਹੀ ਮਰਦਮਸ਼ੁਮਾਰੀ ਜਾਂ ਅੰਕੜਿਆਂ ਨੂੰ ਸਾਹਮਣੇ ਲਿਆਉਣ ਦੇ ਹੱਕ ਵਿਚ ਹੀ ਨਹੀਂ। ਭਾਜਪਾ ਨੇ ਤਾਂ 2014 ਪਿੱਛੋਂ ਹਰ ਖੇਤਰ ਵਿੱਚ ਅੰਕੜੇ ਭਾਵ ਤੱਥ ਇਕੱਠੇ ਕਰਨ ਨੂੰ ਤਿਲਾਂਜਲੀ ਹੀ ਦੇ ਦਿੱਤੀ ਹੈ। ਤੱਥ (ਅੰਕੜੇ) ਹਕੀਕਤ ਸਾਹਮਣੇ ਲਿਆਉਂਦੇ ਹਨ ਅਤੇ ਹਕੀਕਤ ਤੁਹਾਨੂੰ (ਭਾਵ ਸਰਕਾਰ ਨੂੰ) ਕੁਝ ਜ਼ਿੰਮੇਵਾਰੀਆਂ ਨਿਭਾਉਣ ਲਈ ਅਗਾਹ ਕਰਦੀ ਹੈ। ਜਦੋਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਅੱਖਾਂ ਬੰਦ ਕਰ ਲਈਆਂ ਜਾਣ ਤਾਂ ਉਹਦਾ ਇਕ ਰਾਹ ਇਹ ਹੈ ਕਿ ਤੱਥ ਹੀ ਨਾ ਇਕੱਠੇ ਕਰੋ, ਤਾਂ ਕਿ ਲੋਕਾਂ ਨੂੰ ਹਕੀਕਤ ਹੀ ਨਾ ਪਤਾ ਲੱਗੇ। ਯੋਜਨਾ ਅਯੋਗ ਨੂੰ ਭੰਗ ਕਰਕੇ ਨੀਤੀ ਅਯੋਗ ਲਿਆਉਣ ਦੀ ਬਦਨੀਤੀ ਦੀ ਕਲਾਬਾਜ਼ੀ ਭਾਜਪਾ ਤੇ ਮੋਦੀ ਲਈ ਕਾਰਗਰ ਸਾਬਤ ਹੋਈ, ਪਰ ਬਿਹਾਰ ਦੀ ਜਨਗਣਨਾ ਨੇ ਉਨ੍ਹਾਂ ਨੂੰ ਕੱਪੜਿਆਂ ਤੋਂ ਬਾਹਰ ਕਰ ਦਿੱਤਾ।

ਜਿਹੜੀ ਜਨਗਣਨਾ 2011 ਵਿਚ ਹੋਈ, ਉਸ ਵਿਚ ਵੀ ਵੱਖ ਵੱਖ ਜਾਤੀਆਂ ਦੇ ਅੰਕੜੇ ਤਾਂ ਇਕੱਠੇ ਕੀਤੇ ਗਏ ਸਨ, ਜਿਸ ਨਾਲ ਉਨ੍ਹਾਂ ਦੀ ਸਮਾਜਿਕ, ਆਰਥਿਕ ਭਿੰਨਤਾਵਾਂ ਦੀ ਨਿਸ਼ਾਨਦੇਹੀ ਹੁੰਦੀ ਸੀ, ਪਰ ਜਾਰੀ ਨਹੀਂ ਸਨ ਕੀਤੇ ਗਏ। ਸੱਤਾ ਉਦੋਂ ਕਾਂਗਰਸ ਦੀ ਸੀ, ਜਿਹੜੀ ਕਾਂਗਰਸ ਅੱਜ ਬਿਹਾਰ ਦੀ ਮਰਦਮਸ਼ੁਮਾਰੀ ਉਤੇ ਕੱਛਾਂ ਵਜਾਉਂਦੀ ਉਨ੍ਹਾਂ ਰਾਜਾਂ ਵਿਚ ਚੋਣਾਂ ਲੜ ਰਹੀ ਹੈ, ਜਾਤੀ ਜਨਗਣਨਾ ਕਰਵਾਉਣ ਦੇ ਦਗਮਜ਼ੇ ਮਾਰ ਰਹੀ ਹੈ, ਕਦੇ ਜਵਾਬ ਨਹੀਂ ਦੇਵੇਗੀ ਕਿ 2011 ਦੀ ਜਨਗਣਨਾ 'ਚ ਆਏ ਉਹ ਅੰਕੜੇ ਕਿਉਂ ਨਹੀਂ ਜਾਰੀ ਕੀਤੇ ਗਏ, ਜੋ ਵੱਖ-ਵੱਖ ਸਮਾਜਿਕ, ਜਾਤੀ ਸਮੂਹ ਦੀ ਸਥਿਤੀ ਉਜਾਗਰ ਕਰਦੇ ਸਨ।

ਵੈਸੇ ਇਹ ਵੀ ਦੱਸ ਦਈਏ ਕਿ 2021 ਦੀ ਜਨਗਣਨਾ ਲਈ ਜਿਹੜਾ ਪ੍ਰਫਾਰਮਾ ਕੋਰੋਨਾ ਕਾਲ ਤੋਂ ਪਹਿਲਾਂ ਭਾਜਪਾ ਸਰਕਾਰ ਨੇ ਤਿਆਰ ਕਰਵਾਇਆ ਕਿ ਉਸ ਵਿੱਚੋਂ ਓ ਬੀ ਸੀ (ਪੱਛੜੇ ਵਰਗ) ਦਾ ਕਾਲਮ ਹੀ ਗਾਇਬ ਕਰ ਦਿੱਤਾ ਗਿਆ ਸੀ, ਇਹ ਉਹਦੀ ਸਮਾਜੀ ਇੰਜੀਨੀਅਰਿੰਗ ਦੀ ਕਲਾ ਦਾ ਹਿੱਸਾ ਸੀ। ਉਹ ਸਿਰਫ ਪਹਿਲਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਅਤੇ ਹੁਣ ਦਰੋਪਤੀ ਮੁਰਮੂ ਨੂੰ ਅਨੁਸੂਚਿਤ ਜਾਤੀ ਅਤੇ ਜਨਜਾਤੀਆਂ ਦੇ ਮਜ਼ਬੂਤ ਹੋਣ ਦਾ ਪ੍ਰਤੀਕ ਬਣਾ ਕੇ ਪੇਸ਼ ਕਰ ਰਹੀ ਹੈ, ਓਧਰ ਇਨ੍ਹਾਂ ਤਬਕਿਆਂ ਨੂੰ ਵਿਦਿਆ ਤੇ ਸਿਹਤ ਸਹੂਲਤਾਂ ਤੱਕ ਤੋਂ ਵਾਂਝਿਆਂ ਕਰਕੇ ਉਨਾ ਨੂੰ ਗੁਲਾਮੀ ਦੀ ਪ੍ਰਥਾ ਵੱਲ ਧੱਕ ਰਹੀ ਹੈ।

ਖੈਰ, ਇਸ ਮੌਕੇ ਭਾਰਤੀ ਲੋਕਾਈ ਨੂੰ ਵੋਟਾਂ ਦੀ ਰਾਜਨੀਤੀ ਨੇ ਧਾਰਮਿਕ ਕਤਾਰਬੰਦੀ ਤੋਂ ਜਾਤੀ ਕਤਾਰਬੰਦੀ 'ਚ ਤਬਦੀਲ ਕਰਨ ਦੀ ਚਾਲ ਨੇ ਨਵੇਂ ਸਮੀਕਰਨ ਸਾਹਮਣੇ ਲਿਆਉਣੇ ਹਨ। ਲਾਲੂ, ਨਿਤੀਸ਼, ਅਖਿਲੇਸ਼ ਅਤੇ ਜਾਤ ਅਧਾਰਤ ਪਾਰਟੀਆਂ ਲਈ ਜਾਤੀ ਇਕ ਸੰਜੀਵਨੀ ਬਣ ਕੇ ਸਾਹਮਣੇ ਆਵੇਗੀ। ਜੇ ਦੇਖਿਆ ਜਾਵੇ ਤਾਂ ਇਕ ਪੁਰਾਣੀ ਬਹਿਸ ਮੰਡਲ-ਬਨਾਮ ਕਰਾਮੰਡਲ 'ਚ ਮੁੜ ਵਾਪਸੀ ਹੋਈ ਹੈ। ਮੰਡਲ ਕਮਿਸ਼ਨ ਦੀ ਰਿਪੋਰਟ ਉਦੋਂ ਜਾਰੀ ਹੋਈ ਸੀ, ਜਦੋਂ ਕਾਂਗਰਸ ਸੱਤਾ ਤੋਂ ਬਾਹਰ ਸੀ। ਹੋਇਆ ਇਹ ਸੀ ਕਿ ਮੋਰਾਰਜੀ ਦੇਸਾਈ ਨੂੰ ਪੱਛੜੀਆਂ ਜਾਤੀਆਂ ਦਾ ਇਕ ਵਫਦ ਮਿਲਿਆ ਸੀ ਤੇ ਉਹਨੂੰ ਕਾਲੇਲਕਰ ਕਮਿਸ਼ਨ ਦੀ ਰਿਪੋਰਟ ਜਾਰੀ ਕਰਨ ਲਈ ਕਿਹਾ ਸੀ, ਜਿਸ ਉਤੇ ਉਹਨੇ ਇਹਨੂੰ ਪੁਰਾਣਾ ਤੇ ਵੇਲਾ ਵਿਹਾ ਚੁੱਕਾ ਕਹਿ ਕੇ ਰੱਦ ਕਰ ਦਿੱਤਾ ਸੀ। ਫਿਰ ਬੀ ਪੀ ਮੰਡਲ ਨੇ ਪੂਰੇ ਦੇਸ਼ ਵਿੱਚੋਂ ਤੱਥ ਇਕੱਠੇ ਕਰਕੇ 3743 ਜਾਤੀਆਂ ਨੂੰ ਪਛੜੇ ਵਰਗਾਂ ਦੇ ਤੌਰ 'ਤੇ ਚਿੰਨਤ ਕੀਤਾ ਸੀ। ਕਈ ਸਾਲਾਂ ਪਿੱਛੋਂ ਸੁਪਰੀਮ ਕੋਰਟ ਨੇ ਇਸ ਨੂੰ 1800 ਜਾਤੀਆਂ ਤੱਕ ਸਮੇਟ ਦਿੱਤਾ। ਫਿਰ ਵੀ 52 ਫੀਸਦੀ ਪੱਛੜੀਆਂ ਜਾਤੀਆਂ ਲਈ 27 ਫੀਸਦੀ ਰਾਖਵੇਂਕਰਨ ਉੱਤੇ ਮੋਹਰ ਲਾਈ ਸੀ, ਪਰ ਕੁਛ ਸ਼ਰਤਾਂ ਅਧੀਨ।

ਭਾਰਤੀ ਰਾਜਨੀਤੀ 'ਚ ਜਾਤੀ ਅਧਾਰਤ ਰਾਜਨੀਤੀ ਤੇ ਧਰਮ ਅਧਾਰਤ ਰਾਜਨੀਤੀ ਦਰਮਿਆਨ ਲਗਾਤਾਰ ਕਸ਼ਮਕਸ਼ ਚਲਦੀ ਆ ਰਹੀ ਹੈ। ਵਿਸ਼ੇਸ਼ ਕਰਕੇ 70ਵਿਆਂ ਤੋਂ ਪਿੱਛੋਂ ਇਸ ਦੀ ਰਾਜਨੀਤੀ ਨੂੰ ਸਮਝਿਆ ਹੀ ਅਸੀਂ ਹਿੰਦੋਸਤਾਨ ਬਨਾਮ ਖਾਲਿਸਤਾਨ ਤੋਂ ਲੈ ਕੇ ਬਾਬਰੀ ਮਸਜਿਦ ਦੇ ਤਾਲੇ ਖੁਲ੍ਹਵਾਉਣ ਤੇ ਫਿਰ ਰਾਮਲੱਲਾ ਸਥਾਪਤ ਕਰਨ ਜਾਂ ਹੁਣ ਮੁਸਲਮਾਨ ਸਮੁਦਾਏ ਨੂੰ ਨਿਸ਼ਾਨਾ ਬਣਾਉਣ ਤੱਕ ਦੇਖ ਸਕਦੇ ਹਾਂ। ਪਛੜੇ ਵਰਗ ਮੰਡਲ ਦੀ ਲੜਾਈ ਤੋਂ ਰਾਮ ਭਗਤ ਕਿਵੇਂ ਤੇ ਕਦੋਂ ਬਣ ਗਏ, ਇਹਦਾ ਇਤਿਹਾਸ ਵੀ ਜਾਣਨਾ ਜ਼ਰੂਰੀ ਹੈ। ਰਾਮ ਮੰਦਰ ਮੁਹਿੰਮ ਮਹਿਜ਼ ਭਾਜਪਾ ਤੇ ਸੰਘ ਦੀ ਲੋੜ ਨਹੀਂ ਸੀ, ਕਾਂਗਰਸ ਨੇ ਵੀ ਇਸ ਨੂੰ ਕਿਵੇਂ ਹਵਾ ਦਿੱਤੀ, ਇਹ ਵੀ ਪਛਾਨਣਾ ਪਵੇਗਾ। ਬਲਿਊ ਸਟਾਰ ਤੋਂ ਪਹਿਲਾਂ ਇੰਦਰਾ ਗਾਂਧੀ ਵੱਲੋਂ ਫੌਜ ਦੇ ਮੁਖੀ ਜਨਰਲ ਸਿਨਹਾ ਨੂੰ ਹਟਾ ਕੇ ਇੱਕ ਦੱਖਣੀ ਭਾਰਤ ਦੇ ਬ੍ਰਾਹਮਣ ਨੂੰ ਫੌਜ ਦਾ ਮੁਖੀ ਥਾਪਣ ਵਿੱਚ ਕਿਸ ਦੀ ਕੀ ਭੂਮਿਕਾ ਸੀ। ਕੀ 1984 'ਚ ਬਨਵਾਰੀ ਲਾਲ ਪ੍ਰੋਹਿਤ ਨੇ ਜੋ ਰਾਜਪਾਲ ਵੀ ਰਹੇ, ਭਾਜਪਾ-ਕਾਂਗਰਸ ਦਰਮਿਆਨ ਕੋਈ ਸਮਝੌਤਾ ਵੀ ਕਰਵਾਇਆ ਸੀ। ਜਦੋਂ ਮੰਡਲ ਮੁੱਦੇ ਉੱਤੇ ਰਾਜਨੀਤੀ ਗਰਮਾਈ ਸੀ, ਬਜਰੰਗ ਦਲ ਦਾ ਮੁਖੀ ਕਲਿਆਣ ਸਿੰਘ ਥਾਪਿਆ ਗਿਆ, ਪੱਛੜੇ ਵਰਗਾਂ 'ਚੋਂ ਤਾਂ ਸੀ ਤੇ ਅਡਵਾਨੀ ਦੀ ਰੱਥ ਯਾਤਰਾ। ਆਖਿਰ ਘੁੰਢੀ ਫੜਨੀ ਪਵੇਗੀ ਕਿ ਜਦੋਂ ਸੁਪਰੀਮ ਕੋਰਟ 16 ਨਵੰਬਰ 1992 ਨੂੰ ਪਿਛੜੀਆਂ ਜਾਤੀਆਂ ਸੰਬੰਧੀ ਫੈਸਲਾ ਦਿੰਦੀ ਹੈ ਤਾਂ 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹ ਦਿੱਤੀ ਜਾਂਦੀ ਹੈ। ਪਿਛੜੇ ਵਰਗਾਂ ਦੇ ਨਿਸ਼ਾਨੇ 'ਤੇ ਹੁਣ ਮੁਸਲਮਾਨ ਆ ਗਏ। ਪਿਛੜੇ ਵਰਗਾਂ ਨੂੰ ਧਰਮ ਦੀ ਐਸੀ ਘੁੱਟੀ (ਨਸ਼ਾ) ਪਿਆਈ ਕਿ 2014 ਵਿੱਚ ਸੱਤਾ ਉੱਤੇ ਉਹ ਧਿਰ ਗਈ, ਜਿਹਦਾ ਟੀਚਾ ਮਨੂੰਵਾਦੀ ਸੱਚ ਦੇ ਅਧਾਰਤ ਹਿੰਦੂ ਰਾਸ਼ਟਰ ਦੀ ਸਥਾਪਨਾ ਕਰਨਾ ਸੀ ਅਤੇ ਉਹ ਇਸੇ ਲੀਹ ਉੱਤੇ ਦੌੜ ਰਹੀ ਸੀ। ਕਿਆ ਕਮਾਲ ਦਾ ਸੰਯੋਗ ਹੈ ਕਿ ਇੱਕ ਪਾਸੇ ਰਾਜਨੀਤੀ ਵਿੱਚ ਮਨੂੰਵਾਦ ਸਿਰ ਚੜ੍ਹ ਬੋਲ ਰਿਹਾ ਹੈ, ਜਿਸ ਦੀ ਗ੍ਰਿਫਤ ਵਿੱਚ ਪੱਛੜੇ ਅਤੇ ਦਲਿਤ ਵੀ ਹਨ ਅਤੇ ਜਿਹਨਾਂ ਨੇ ਦੇਸ਼ ਦੇ ਅੰਦਰ ਮੁਸਲਮਾਨਾਂ ਨੂੰ ਦੁਸ਼ਮਣ ਟਿਕਿਆ ਹੋਇਆ ਹੈ। ਉਨ੍ਹਾਂ ਨਾਲ ਤੇ ਉਧਰ ਮਨੀਪੁਰ ਵਿੱਚ ਕੁੱਕੀ ਕਬੀਲੇ ਨਾਲ ਉਹੀ ਵਰਤਾਅ ਹੋ ਰਿਹਾ ਹੈ, ਜਿਹੜਾ ਇਜ਼ਰਾਈਲ ਫਲਸਤੀਨੀਆਂ ਨਾਲ ਕਰ ਰਿਹਾ ਹੈ। ਜਿਨ੍

15-NOV-PAGE-5.qxd 11/14/2023 10:43 PM Page 1

ਫਿਰਕੂ-ਫਾਸ਼ੀਵਾਦੀ ਮੋਦੀ ਹਕੂਮਤ ਦੇਸ਼ ਦੇ ਜਮਹੂਰੀ ਪ੍ਰਬੰਧ ਲਈ ਖਤਰਾ : ਹਰਦੇਵ ਅਰਸ਼ੀ

ਫਰੀਦਕੋਟ ਰੈਲੀ 'ਚ 600 ਵਰਕਰ ਕਰਨਗੇ ਸ਼ਮੂਲੀਅਤ : ਚੌਹਾਨ/ਉੱਡਤ

ਮਾਨਸਾ (ਆਤਮਾ ਸਿੰਘ ਪਮਾਰ)

ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸੀ ਪੀ ਆਈ ਸਬ ਡਵੀਜ਼ਨ ਮਾਨਸਾ, ਸਰਦੂਲਗੜ੍ਹ ਦੀ ਸਾਂਝੀ ਜਨਰਲ ਬਾਡੀ ਮੀਟਿੰਗ ਕਾਮਰੇਡ ਸਾਧੂ ਸਿੰਘ ਰਾਮਾਨੰਦੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ 25 ਨਵੰਬਰ ਨੂੰ ਖੇਤ ਮਜ਼ਦੂਰਾਂ ਦੀ ਰੈਲੀ, ਸੰਯੁਕਤ ਕਿਸਾਨ ਮੋਰਚੇ ਦਾ 26, 27, 28 ਨਵੰਬਰ ਮਹਾਪੜਾਅ, ਕਾਮਰੇਡ ਧਰਮ ਸਿੰਘ ਫੱਕਰ ਦੀ ਬਰਸੀ ਆਦਿ ਏਜੰਡਿਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਫਿਰਕੂ ਫਾਸ਼ੀਵਾਦੀ ਮੋਦੀ ਹਕੂਮਤ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਤੇ ਜਮਹੂਰੀ ਪ੍ਰਬੰਧ ਲਈ ਅਤਿ ਘਾਤਕ ਸਾਬਿਤ ਹੋ ਰਹੀ ਹੈ ਤੇ 2024 ਵਿੱਚ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨਾ ਵੀ ਅਤਿ ਜ਼ਰੂਰੀ ਹੋ ਗਿਆ ਹੈ ਤਾਂ ਕਿ ਦੇਸ਼ ਦੀ ਲੋਕਤੰਤਰੀ ਪ੍ਰਣਾਲੀ ਦੀ ਖੂਬਸੂਰਤੀ ਨੂੰ ਕਾਇਮ ਰੱਖਿਆ ਜਾ ਸਕੇ ਤੇ ਦੇਸ਼ ਦੀ ਮਿਹਨਤਕਸ਼ ਜਨਤਾ ਪੱਖੀ ਸਮਾਨਤਾ ਵਾਲਾ ਸਮਾਜ ਸਿਰਜਣ ਵੱਲ ਅੱਗੇ ਵਧਿਆ ਜਾ ਸਕੇ। ਕਾਮਰੇਡ ਅਰਸ਼ੀ ਨੇ ਕਿਹਾ ਕਿ ਅਮਰੀਕਨ ਸਾਮਰਾਜ ਦੇ ਇਸ਼ਾਰੇ 'ਤੇ ਇਜ਼ਰਾਈਲ ਵੱਲੋਂ ਜੋ ਫਲਸਤੀਨ ਲੋਕਾਂ 'ਤੇ ਅੱਤਿਆਚਾਰ ਕੀਤਾ ਜਾ ਰਿਹਾ ਹੈ ਤੇ ਮਾਨਵਤਾ ਦਾ ਘਾਣ ਕੀਤਾ ਜਾ ਰਿਹਾ, ਉਹ ਅਤਿ ਨਿੰਦਣਯੋਗ ਹੈ। ਇਸ ਮੌਕੇ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਤੇ ਸੀਨੀਅਰ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਪੰਜਾਬ ਖੇਤ ਮਜ਼ਦੂਰ ਸਭਾ ਦੀ 33ਵੀਂ ਕਾਨਫਰੰਸ ਦੇ ਆਰੰਭ ਵਿੱਚ 25 ਨਵੰਬਰ ਨੂੰ ਕੀਤੀ ਜਾ ਰਹੀ ਫਰੀਦਕੋਟ ਮਜ਼ਦੂਰ ਰੈਲੀ ਲਾਮਿਸਾਲ ਤੇ ਇਤਿਹਾਸਕ ਹੋਵੇਗੀ ਤੇ ਇਸ ਵਿੱਚ ਮਾਨਸਾ ਜ਼ਿਲ੍ਹੇ ਵਿੱਚੋਂ 600 ਸਾਥੀ ਸ਼ਮੂਲੀਅਤ ਕਰਨਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰੂਪ ਸਿੰਘ ਢਿੱਲੋਂ, ਕਰਨੈਲ ਭੀਖੀ, ਰਤਨ ਭੋਲਾ, ਸੁਖਦੇਵ ਪੰਧੇਰ, ਸੁਖਦੇਵ ਸਿੰਘ ਮਾਨਸਾ, ਗੁਰਦਿਆਲ ਸਿੰਘ ਦਲੇਲ ਸਿੰਘ ਵਾਲਾ, ਬਲਵਿੰਦਰ ਸਿੰਘ ਕੋਟਧਰਮੂ, ਜਲੋਰ ਕੋਟਧਰਮੂ, ਬਲਦੇਵ ਦੂਲੋਵਾਲ, ਬੂਟਾ ਸਿੰਘ ਬਾਜੇਵਾਲਾ, ਗੁਲਜ਼ਾਰ ਖਾਂ ਦਲੇਲ ਸਿੰਘ ਵਾਲਾ, ਗੁਰਪਿਆਰ ਫੱਤਾ ਮਾਲੋਕਾ, ਸੰਕਰ ਜਟਾਣਾ, ਪੱਪੀ ਸਿੰਘ ਮੂਲਾ ਸਿੰਘ ਵਾਲਾ, ਮੰਗਤ ਰਾਏ ਭੀਖੀ, ਕੇਵਲ ਸਿੰਘ ਸਮਾਓਂ, ਬੂਟਾ ਸਿੰਘ ਖੀਵਾ ਆਦਿ ਆਗੂ ਹਾਜ਼ਰ ਸਨ।

ਸੰਗਤੀਵਾਲਾ ਬੱਸ ਸਟੈਂਡ 'ਤੇ ਲੱਗੇ 4 ਸੀ ਸੀ ਟੀ ਵੀ ਕੈਮਰੇ ਚੋਰੀ

ਦਿੜ੍ਹਬਾ (ਜਸਵੀਰ ਲਾਡੀ)-ਨੇੜਲੇ ਪਿੰਡ ਛਾਜਲੀ ਵਿਖੇ ਚੋਰਾਂ ਨੇ ਕਮਾਲ ਕਰ'ਤੀ, ਕਿਉਂਕਿ ਜਿਨ੍ਹਾਂ ਦੇ ਡਰ ਤੋਂ ਇਹ ਸੀਸੀਟੀਵੀ ਕੈਮਰੇ ਲਾਏ ਸਨ, ਉਹ ਕੈਮਰੇ ਹੀ ਲਾਹ ਕੇ ਲੈ ਗਏ ਅਤੇ ਉਨ੍ਹਾਂ ਦੇ ਖੋਲ ਉਥੇ ਸੁੱਟ ਗਏ। ਘਟਨਾ 13 ਨਵੰਬਰ ਦੀ ਰਾਤ ਚੋਰਾਂ ਵੱਲੋਂ 6 ਸਰਕਾਰੀ ਕੈਮਰੇ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਛਾਜਲੀ ਦੇ ਸੰਗਤੀਵਾਲਾ ਵਾਲੇ ਬੱਸ ਸਟੈਂਡ 'ਤੇ ਲੱਗੇ 4 ਕੈਮਰੇ ਤੇ ਨੰਗਲਾ ਪਿੰਡ ਨੂੰ ਜਾਣ ਵਾਲੇ ਮੋੜ ਕੋਲ ਸ਼ਮਸ਼ਾਨਘਾਟ ਦੇ ਨੇੜੇ ਲੱਗੇ 2 ਕੈਮਰੇ ਚੋਰੀ ਕਰਕੇ ਲੈ ਗਏ ਹਨ। ਪਿੰਡ ਦੀ ਸਰਪੰਚ ਪਰਮਿੰਦਰ ਕੌਰ ਦੇ ਪਤੀ ਇੰਦਰਜੀਤ ਸਿੰਘ ਧਾਲੀਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਵੇਰੇ 6 ਵਜੇ ਉਨ੍ਹਾਂ ਕੋਲ ਫੋਨ ਆਇਆ ਕਿ ਕੋਈ ਸਰਕਾਰੀ ਕੈਮਰੇ ਚੋਰੀ ਕਰਕੇ ਲੈ ਗਏ ਹਨ। ਇਲਾਕੇ ਵਿੱਚ ਇਸ ਚੋਰੀ ਦੀ ਵੱਡੀ ਪੱਧਰ 'ਤੇ ਚਰਚਾ ਹੋ ਰਹੀ ਹੈ ਕਿ ਲੋਕਾਂ ਦੀ ਸੁਰੱਖਿਆ ਦੀ ਕਿਸੇ ਕੋਲੋਂ ਆਸ ਰੱਖੀ ਜਾਵੇ, ਲੋਕ ਕਾਫੀ ਚਿੰਤਤ ਹਨ। ਥਾਣਾ ਛਾਜਲੀ ਦੇ ਇੰਸਪੈਕਟਰ ਪ੍ਰਤੀਕ ਜਿੰਦਲ ਨਾਲ ਫੋਨ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ, ਪਰ ਬੀ. ਡੀ. ਆਰ. ਚੈੱਕ ਕਰਨ ਤੋਂ ਜੋ ਫੁਟੇਜ ਸਾਹਮਣੇ ਆਈ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਇਹ ਚੋਰੀ ਨਸ਼ੇੜੀ ਨੌਜਵਾਨਾਂ ਵੱਲੋਂ ਕੀਤੀ ਗਈ ਹੈ।

ਚੋਰੀ ਕੀਤੇ ਕੈਮਰਿਆਂ ਦੇ ਖਾਲੀ ਪਏ ਬਕਸੇ।

ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਵੱਲੋਂ 18 ਦੇ ਸੰਗਰੂਰ ਐਕਸ਼ਨ ਦਾ ਸਮਰਥਨ

1972 ਦੇ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰੇ ਪੰਜਾਬ ਸਰਕਾਰ : ਆਗੂ

ਜ਼ੀਰਾ (ਨਰਿੰਦਰ ਅਨੇਜਾ)-ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਪੰਜਾਬ ਦੇ 18 ਨਵੰਬਰ ਨੂੰ ਸੰਗਰੂਰ ਵਿਖੇ ਰੱਖੇ ਸੂਬਾ ਪੱਧਰੀ ਸਮੂਹਕ ਵਫਦ ਦੇ ਮਾਰਚ ਦਾ ਸਮਰਥਨ ਕੀਤਾ ਗਿਆ, ਜਿਸ ਸਬੰਧੀ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਜਨਰਲ ਸਕੱਤਰ ਗੁਰਪ੍ਰੀਤ ਮਾੜੀਮੇਘਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਵਿੱਤ ਸਕੱਤਰ ਨਵੀਨ ਸੱਚਦੇਵਾ ਜ਼ੀਰਾ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਬਾਜ ਸਿੰਘ ਭੁੱਲਰ ਐਡੀਸ਼ਨਲ ਸਕੱਤਰ, ਪ੍ਰਵੀਨ ਕੁਮਾਰ ਲੁਧਿਆਣਾ, ਸੰਜੀਵ ਸ਼ਰਮਾ, ਪ੍ਰੇਮ ਚਾਵਲਾ, ਬਲਕਾਰ ਵਲਟੋਹਾ, ਟਹਿਲ ਸਿੰਘ ਸਰਾਭਾ, ਰਾਜਦੀਪ ਸਿੰਘ ਢਿੱਲੋਂ ਸੀਨੀਅਰ ਮੀਤ ਪ੍ਰਧਾਨ, ਪਰਮਿੰਦਰ ਸਿੰਘ ਸੋਢੀ ਜਨਰਲ ਸਕੱਤਰ ਆਦਿ ਆਗੂਆਂ ਵੱਲੋਂ ਸਾਂਝਾ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਦੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੇ ਨੋਟੀਫਿਕੇਸ਼ਨ ਦੇ 10 ਮਹੀਨੇ ਬੀਤ ਜਾਣ ਦੇ ਬਾਵਜੂਦ ਪੰਜਾਬ ਦੇ 01-01-2004 ਤੋਂ ਬਾਅਦ ਭਰਤੀ ਇੱਕ ਵੀ ਮੁਲਾਜ਼ਮ ਦਾ ਜੀਪੀਐੱਫ ਖਾਤਾ ਨਹੀਂ ਖੋਲ੍ਹਿਆ, ਜਦਕਿ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਲਾਗੂ ਕਰਨ ਸਬੰਧੀ ਆਪਣਾ ਪ੍ਰਚਾਰ ਧੂਮਧਾਮ ਨਾਲ ਕੀਤਾ ਜਾ ਰਿਹਾ ਹੈ। ਪੰਜਾਬ ਦੇ ਮੁਲਾਜ਼ਮ ਪੰਜਾਬ ਸਰਕਾਰ ਦੀ ਦੋਗਲੀ ਨੀਤੀ ਕਾਰਨ ਰੋਸ ਤੇ ਨਿਰਾਸ਼ਾ ਵਿੱਚ ਚੱਲ ਰਹੇ ਹਨ। ਇਸ ਸਮੇਂ ਆਗੂਆਂ ਨੇ ਦੱਸਿਆ ਕਿ ਰਾਜਸਥਾਨ, ਛੱਤੀਸਗੜ੍ਹ, ਝਾਰਖੰਡ, ਤੇ ਹਿਮਾਚਲ ਪ੍ਰਦੇਸ ਸਰਕਾਰਾਂ ਨੇ ਨਵੀਂ ਪੈਨਸ਼ਨ ਸਕੀਮ ਅਧੀਨ ਐੱਨ.ਪੀ.ਐੱਸ. ਦੀ ਕਟੌਤੀ ਬੰਦ ਕਰਕੇ ਜੀ.ਪੀ.ਐੱਫ. ਦੀ ਕਟੌਤੀ ਵੀ ਸ਼ੁਰੂ ਕਰ ਦਿੱਤੀ ਹੈ, ਪਰ ਪੰਜਾਬ ਸਰਕਾਰ ਬੇਵਜ੍ਹਾ ਹੀ ਟਾਲ ਮਟੋਲ ਦੀ ਨੀਤੀ ਅਪਣਾ ਕੇ ਮੁਲਾਜ਼ਮਾਂ ਨੂੰ ਗੁੰਮਰਾਹ ਕਰ ਰਹੀ ਹੈ। ਆਗੂਆਂ ਨੇ ਦੱਸਿਆ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੀਆਂ ਹੋਈਆਂ ਮੀਟਿੰਗਾਂ ਵਿੱਚ ਆਗੂਆਂ ਵੱਲੋਂ 1972 ਦੇ ਪੈਨਸ਼ਨ ਨਿਯਮਾਂ ਤੇ 01-01-2004 ਤੋਂ ਪਹਿਲਾਂ ਚੱਲਦੀ ਪੈਨਸ਼ਨ ਸਕੀਮ ਇੰਨ-ਬਿੰਨ ਲਾਗੂ ਕਰਨ ਦੀ ਗੱਲ ਤੱਥਾਂ ਤੇ ਦਸਤਾਵੇਜ਼ਾਂ ਸਮੇਤ ਰੱਖੀ ਸੀ। ਇਸ ਉਪਰੰਤ 22 ਅਗਸਤ ਨੂੰ ਪੰਜਾਬ ਊਰਜਾ ਵਿਕਾਸ ਏਜੰਸੀ, ਚੰਡੀਗੜ੍ਹ ਵਿਖੇ ਕੈਬਿਨੇਟ ਸਬ ਕਮੇਟੀ ਮੈਂਬਰ ਕੁਲਦੀਪ ਸਿੰਘ ਧਾਲੀਵਾਲ ਕੈਬਿਨੇਟ ਮੰਤਰੀ ਨਾਲ ਮੀਟਿੰਗ ਵਿੱਚ ਅਤੇ 31-08-2023 ਨੂੰ ਕੈਬਿਨਟ ਸਬ ਕਮੇਟੀ ਚੇਅਰਮੈਨ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਪੰਜਾਬ ਤੇ ਕਮੇਟੀ ਮੈਂਬਰ ਅਮਨ ਅਰੋੜਾ ਕੈਬਨਿਟ ਮੰਤਰੀ ਪੰਜਾਬ ਕੋਲ ਜਲਦੀ ਤੋਂ ਜਲਦੀ ਜਨਵਰੀ 2004 ਤੋਂ ਬਾਅਦ ਨਿਯੁਕਤ ਸਮੂਹ ਮੁਲਾਜ਼ਮਾਂ ਉੱਪਰ ਪੁਰਾਣੀ ਪੈਨਸ਼ਨ ਸਕੀਮ ਅਮਲੀ ਰੂਪ 'ਚ ਲਾਗੂ ਕਰਨ ਤੇ ਐੱਨ.ਪੀ.ਐੱਸ. ਦੀ ਕਟੌਤੀ ਬੰਦ ਕਰਕੇ ਜੀਪੀਐੱਫ ਕਟੌਤੀ ਸ਼ੁਰੂ ਕਰਨ ਮੰਗ ਜ਼ੋਰਦਾਰ ਢੰਗ ਨਾਲ ਰੱਖੀ ਗਈ। ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਜਦੋਂ ਵੀ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੰਦੀ ਹੈ ਤਾਂ ਪੰਜਾਬ ਦੇ ਮੁਲਾਜ਼ਮਾਂ ਦਾ ਜੀ ਪੀ ਐੱਫ ਲਗਪਗ 180 ਕਰੋੜ ਰੁਪਏ ਮਹੀਨਾ ਕਟੌਤੀ ਉਪਰੰਤ ਪੰਜਾਬ ਸਰਕਾਰ ਦੇ ਖਜ਼ਾਨੇ 'ਚ ਆਵੇਗਾ ਤੇ ਪੰਜਾਬ ਸਰਕਾਰ ਦਾ ਐੱਨ.ਪੀ.ਐੱਸ. ਕਟੌਤੀ ਦਾ 14% ਸ਼ੇਅਰ ਲਗਭਗ 190 ਕਰੋੜ ਪੰਜਾਬ ਸਰਕਾਰ ਦੇ ਖਜ਼ਾਨੇ 'ਚ ਹੀ ਰਹੇਗਾ, ਜਿਸ ਨਾਲ ਸਾਨੂੰ ਲਗਭਗ 4000 ਕਰੋੜ ਸਾਲਾਨਾ ਦਾ ਮਾਲੀਆ ਇਕੱਠਾ ਹੋਵੇਗਾ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਜਨਵਰੀ 2004 ਤੋਂ ਬਾਅਦ ਨਿਯੁਕਤ ਮੁਲਾਜ਼ਮਾਂ ਦੀ ਜੀ.ਪੀ.ਐੱਫ. ਕਟੌਤੀ ਸ਼ੁਰੂ ਨਾ ਕੀਤੀ ਤਾਂ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ ਸਖਤ ਐਕਸ਼ਨ ਕੀਤੇ ਜਾਣਗੇ। ਇਸ ਸਮੇਂ ਗੁਰਮੀਤ ਸਿੰਘ ਸੰਧੂ, ਗੁਰਪ੍ਰੀਤ ਸਿੰਘ, ਨੀਰਜ ਕੁਮਾਰ, ਦਿਨੇਸ ਸ਼ਰਮਾ, ਬਲਵਿੰਦਰ ਸਿੰਘ ਮੁਲਤਾਨੀ, ਜਗਦੇਵ ਸ਼ਰਮਾ, ਗੁਰਪਾਲ ਜੀਰਵੀ, ਸੰਜੀਵ ਕੁਮਾਰ, ਭੁਪਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

ਕਾਤਰਾਂ

ਐੱਜ ਓਵਰਸੀਜ਼ ਕੰਸਲਟੈਂਟ ਨੇ 15 ਵਿਜ਼ਟਰ ਵੀਜ਼ੇ ਲਵਾਏ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸਥਾਨਕ ਏ ਪੀ ਇੰਨਕਲੇਵ ਵਿਖੇ ਸਥਿਤ ਦੀ ਐੱਚ ਓਵਰਸੀਜ਼ ਕੰਸਲਟੈਂਟ ਧੂਰੀ ਨੇ ਇੱਕ ਦਿਨ ਵਿੱਚ ਕਰੀਬ 15 ਵਿਜ਼ਟਰ ਵੀਜ਼ੇ ਲਗਵਾਏ ਹਨ। ਕੰਪਨੀ ਦੇ ਮੁੱਖ ਦਫ਼ਤਰ ਵਿਖੇ ਗੱਲਬਾਤ ਕਰਦਿਆਂ ਕੰਪਨੀ ਦੇ ਐੱਮ ਡੀ ਜਗਸੀਰ ਸਿੰਘ ਜੱਗੀ ਢੀਂਡਸਾ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਦੀ ਫਾਇਲਾਂ ਬਹੁਤ ਹੀ ਸਰਲ ਤੇ ਸੁਖਾਲੇ ਢੰਗ ਨਾਲ ਅੰਬੈਸੀ ਵਿੱਚ ਲਗਾ ਕੇ ਉਨ੍ਹਾਂ ਨੂੰ ਵੱਖ-ਵੱਖ ਦੇਸਾਂ ਦੇ ਵੀਜ਼ੇ ਦਿਵਾ ਕੇ ਉਨ੍ਹਾਂ ਦਾ ਵਿਦੇਸ਼ ਜਾਣ ਦੇ ਸੁਪਨੇ ਸਾਕਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕੰਪਨੀ ਲੰਮੇ ਸਮੇਂ ਤੋਂ ਸਟੱਡੀ ਵੀਜ਼ਾ, ਵਰਕ ਪਰਮਿਟ, ਸਪਾਊਸ ਵੀਜ਼ਾ ਸਮੇਤ ਹੋਰ ਇਮੀਗਰੇਸ਼ਨ ਸੇਵਾਵਾਂ ਸਮੇਤ ਆਈਲਟਸ ਤੇ ਪੀਟੀਈ ਦੀ ਮਿਆਰੀ ਸਿੱਖਿਆ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਜਾਣ ਦੇ ਚਾਹਵਾਨ ਉਨ੍ਹਾਂ ਦੇ ਦਫ਼ਤਰ ਵਿੱਚ ਆ ਕੇ ਸੰਪਰਕ ਕਰ ਸਕਦੇ ਹਨ।

ਪਸ਼ੂ ਹਸਪਤਾਲ 'ਚ ਜਾਗਰੂਕਤਾ ਕੈਂਪ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪਸ਼ੂ ਪਾਲਣ ਵਿਭਾਗ ਪੰਜਾਬ ਦੀਆਂ ਹਦਾਇਤਾਂ ਮੁਤਾਬਿਕ ਸਿਵਲ ਪਸ਼ੂ ਹਸਪਤਾਲ ਬਰੜਵਾਲ ਵਿਖੇ ਡਾ. ਯਾਦਵਿੰਦਰ ਸਿੰਘ ਧੰਗੂੜਾ ਦੀ ਅਗਵਾਈ ਹੇਠ ਪਸ਼ੂ ਪਾਲਕਾਂ ਲਈ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਮੌਕੇ ਡਾ. ਤੇਜਿੰਦਰਪਾਲ ਸਿੰਘ ਤੇ ਡਾ. ਪ੍ਰਭਜੋਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਕੈਂਪ ਵਿੱਚ ਵੱਖ ਵੱਖ ਉਮਰ ਦੀਆਂ ਕੱਟੀਆਂ ਦੇ ਨਸਲ ਮੁਕਾਬਲੇ ਕਰਵਾਏ ਗਏ, ਜਿਸ 'ਚ ਜੇਤੂ ਪਸ਼ੂ ਪਾਲਕਾਂ ਨੂੰ ਸਰਟੀਫਿਕੇਟ ਤੇ ਦਵਾਈਆਂ ਦੇ ਕੇ ਸਨਮਾਨਤ ਕੀਤਾ ਗਿਆ। ਇਸ ਕੈਂਪ 'ਚ ਪਸ਼ੂ ਪਾਲਕਾਂ ਦੇ ਮਨਸੂਈ ਗਰਭ ਧਾਰਨ ਤੇ ਸਰਕਾਰ ਦੀਆਂ ਸਕੀਮਾਂ ਬਾਰੇ ਜਾਗੂਰਕ ਕੀਤਾ ਗਿਆ।

ਲੜਾਈ-ਝਗੜੇ ਦੇ ਦੋ ਮਾਮਲਿਆਂ 'ਚ ਨੌ ਨਾਮਜ਼ਦ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪਿੰਡ ਸਿਰਾਜ ਨਗਰ ਤੇ ਰਜਿੰਦਰ ਨਗਰ ਬੈਂਅ ਵਿਖੇ ਹੋਏ ਦੋ ਵੱਖ-ਵੱਖ ਲੜਾਈ ਝਗੜੇ ਦੇ ਮਾਮਲਿਆਂ 'ਚ ਪੁਲਸ ਵੱਲੋਂ ਇੱਕ ਔਰਤ ਸਣੇ 9 ਵਿਅਕਤੀਆਂ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਲਖਵੀਰ ਸਿੰਘ ਵਾਸੀ ਰਜਿੰਦਰ ਨਗਰ ਬੈਂਅ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਅੱਗੇ ਆਤਿਸ਼ਬਾਜ਼ੀ ਚਲਾਉਣ ਤੋਂ ਰੋਕਣ 'ਤੇ ਪਿੰਡ ਦੇ ਹੀ ਰਹਿਣ ਵਾਲੇ ਮੁਕਵਿੰਦਰ ਸਿੰਘ ਉਰਫ ਮਨੀ, ਗੋਗਾ, ਮਾਣਾ ਤੇ ਦੀਪੀ ਵੱਲੋਂ ਉਸ ਦੀ ਅਤੇ ਉਸ ਦੇ ਪਿਤਾ ਦੀ ਕੁੱਟਮਾਰ ਕੀਤੀ ਗਈ। ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਉਪਰਕੋਤ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ। ਇੱਕ ਵੱਖਰੇ ਮਾਮਲੇ 'ਚ ਗੁਰਸੇਵਕ ਸਿੰਘ ਵਾਸੀ ਪਿੰਡ ਸਿਰਾਜ ਮਾਜਰਾ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸ ਦੇ ਪਿੰਡ ਦੇ ਹੀ ਰਹਿਣ ਵਾਲੇ ਅਰਪਨਜੋਤ ਸਿੰਘ, ਹਰਮਿੰਦਰ ਸਿੰਘ, ਸੁਖਜੋਤ ਸਿੰਘ, ਕਮਲਜੀਤ ਕੌਰ ਤੇ ਵਿਸ਼ਵਜੀਤ ਸਿੰਘ ਵੱਲੋਂ ਘੇਰ ਕੇ ਉਸ ਦੀ ਕੁੱਟਮਾਰ ਕੀਤੀ ਗਈ। ਉਪਰੋਕਤ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਖੇੜੀ ਨੌਧ ਸਿੰਘ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਸਿੱਧਸਰ ਅਲੋਹਰਾ ਸਾਹਿਬ ਵਿਖੇ ਦੂਜਾ ਕਬੱਡੀ ਕੱਪ ਸ਼ੁਰੂ

ਜਥੇਦਾਰ ਬਾਬਾ ਕਸ਼ਮੀਰ ਸਿੰਘ ਨੇ ਕੀਤਾ ਕਬੱਡੀ ਕੱਪ ਦਾ ਉਦਘਾਟਨ

ਨਾਭਾ (ਵਰਿੰਦਰ ਵਰਮਾ)-ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਿੱਖ ਪ੍ਰਚਾਰਕ ਜਥੇਦਾਰ ਬਾਬਾ ਕਸਮੀਰ ਸਿੰਘ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਦੋ ਰੋਜ਼ਾ ਕਬੱਡੀ ਕੱਪ ਮੰਗਲਵਾਰ ਸ਼ੁਰੂ

page-6-15-(NOVE)-2023-G-(BV).qxd 11/14/2023 10:59 PM Page 1

ਵਾਈਸ ਚਾਂਸਲਰ ਪ੍ਰੋ. ਜਸਪਾਲ ਸਿੰਘ ਸੰਧੂ ਨੂੰ ਸਦਮਾ, ਮਾਤਾ ਸੁਰਿੰਦਰ ਕੌਰ ਸੰਧੂ ਦਾ ਦੇਹਾਂਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਸਾਬਕਾ ਪ੍ਰੋਫੈਸਰ ਤੇ ਮੁਖੀ ਅਤੇ ਔਰਤਾਂ ਦੇ ਰੋਗਾਂ ਦੇ ਮਾਹਿਰ ਡਾ. ਸੁਰਿੰਦਰ ਕੌਰ ਸੰਧੂ ਆਕਾਲ ਚਲਾਣਾ ਕਰ ਗਏ ਹਨ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ ਅਤੇ ਉਨ੍ਹਾਂ ਨੇ ਇਕ ਨਿੱਜੀ ਹਸਪਤਾਲ ਵਿੱਚ ਆਖ਼ਰੀ ਸਾਹ ਲਿਆ। ਉਹ 89 ਵਰ੍ਹਿਆਂ ਦੇ ਸਨ। ਡਾ. ਸੁਰਿੰਦਰ ਕੌਰ ਸੰਧੂ ਦਾ ਅੰਤਿਮ ਸੰਸਕਾਰ 15 ਨਵੰਬਰ ਨੂੰ ਸਵੇਰੇ 11:00 ਵਜੇ ਸ਼ਮਸ਼ਾਨਘਾਟ ਸ਼ਹੀਦਾਂ ਸਾਹਿਬ ਅੰਮ੍ਰਿਤਸਰ ਵਿਖੇ ਹੋਵੇਗਾ। ਉਨ੍ਹਾਂ ਦੇ ਨਮਿਤ ਅੰਤਿਮ ਅਰਦਾਸ 18 ਨਵੰਬਰ ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਏ.ਬੀ. ਬਲਾਕ ਰਣਜੀਤ ਐਵੀਨਊ, ਅੰਮਿਤਸਰ ਵਿਖੇ 1 ਤੋਂ 2 ਵਜੇ ਤਕ ਹੋਵੇਗੀ। ਡਾ. ਸੁਰਿੰਦਰ ਕੌਰ ਸੰਧੂ ਬਹੁਤ ਪ੍ਰਤਿਸ਼ਠਾਵਾਨ ਪਰਿਵਾਰਿਕ ਪਿਛੋਕੜ ਨਾਲ ਸੰਬੰਧ ਰੱਖਦੇ ਸਨ। ਉਹਨਾਂ ਦਾ ਜਨਮ ਪਿਤਾ ਮਨਮੋਹਨ ਸਿੰਘ ਐਡਵੋਕੇਟ ਅਤੇ ਮਾਤਾ ਸਰਦਾਰਨੀ ਅਜੈਬ ਕੌਰ ਦੇ ਘਰ ਹੋਇਆ। ਉਹਨਾਂ ਦੇ ਪਿਤਾ ਨੇ 'ਸ਼੍ਰੀ ਗੁਰੂ ਗ੍ਰੰਥ ਸਾਹਿਬ' ਦਾ ਪਹਿਲਾ ਅੰਗਰੇਜ਼ੀ ਅਨੁਵਾਦ ਕੀਤਾ ਸੀ। ਉਹਨਾਂ ਦੇ ਪਤੀ ਡਾ. ਰਸ਼ਪਾਲ ਸਿੰਘ ਸੰਧੂ ਵੀ ਹੱਡੀਆਂ ਦੇ ਰੋਗਾਂ ਦੇ ਮਾਹਿਰ ਡਾਕਟਰ ਸਨ। ਡਾ. ਸੁਰਿੰਦਰ ਕੌਰ ਸੰਧੂ ਬਹੁਤ ਹੀ ਸੁਹਿਰਦ ਸਖਸ਼ੀਅਤ ਦੇ ਮਾਲਿਕ ਸਨ। ਇਸ ਗੱਲ ਦਾ ਪ੍ਰਮਾਣ ਇਹ ਹੈ ਕਿ ਕਰੋਨਾ ਕਾਲ ਦੌਰਾਨ ਇਸ ਮਹਾਂਮਾਰੀ ਦੇ ਪ੍ਰਭਾਵ ਹੇਠ ਵਾਪਰੀਆਂ ਦੁਖਾਂਤਕ ਘਟਨਾਵਾਂ ਨੇ ਉਹਨਾਂ ਦੇ ਮਨ ਉੱਤੇ ਡੂੰਘਾ ਅਸਰ ਪਾਇਆ। ਏਸੇ ਅਸਰ ਹੇਠ ਉਹਨਾਂ ਨੇ ਆਪਣੀ ਵੇਦਨਾ ਨੂੰ ਪ੍ਰਗਟ ਕਰਨ ਲਈ ਕਾਵਿ-ਸਿਰਜਣਾ ਦਾ ਰਾਹ ਚੁਣਿਆ। ਉਹਨਾਂ ਦੁਆਰਾ ਰਚਿਤ ਕਾਵਿ-ਸੰਗ੍ਰਹਿ 'ਜ਼ਿੰਦਗੀ ਦੇ ਵਰਕੇ' ਏਸੇ ਸਾਲ (2023) ਪ੍ਰਕਾਸ਼ਿਤ ਹੋਇਆ ਜਿਸਦਾ ਲੋਕ ਅਰਪਣ 4 ਨਵੰਬਰ ਨੂੰ ਪਦਮਸ਼੍ਰੀ ਡਾ. ਸੁਰਜੀਤ ਪਾਤਰ, ਡਾ. ਮਨਮੋਹਨ ਸਿੰਘ (ਆਈ ਪੀ ਐੱਸ) ਅਤੇ ਡਾ. ਰਵੀ ਰਵਿੰਦਰ (ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ) ਦੁਆਰਾ ਕੀਤਾ ਗਿਆ ਸੀ। ਇਸ ਕਾਵਿ-ਸੰਗ੍ਰਹਿ 'ਚ ਉਹਨਾਂ ਨੇ ਆਪਣੇ ਅਨੁਭਵ ਅਤੇ ਯਾਦਾਂ ਦੇ ਆਧਾਰ ਉੱਤੇ ਦੇਸ਼-ਵੰਡ ਤੋਂ ਲੈ ਕੇ ਕਰੋਨਾ ਮਹਾਂਮਾਰੀ ਤੱਕ ਦੇ ਵਿਭਿੰਨ ਵਿਸ਼ਿਆਂ ਦੀ ਕਾਵਿਕ ਪੇਸ਼ਕਾਰੀ ਕੀਤੀ। ਉਹਨਾਂ ਦੀ ਪ੍ਰਤਿਭਾਵਾਨ ਸਖ਼ਸ਼ੀਅਤ ਅਤੇ ਪਰਵਰਿਸ਼ ਦਾ ਅਸਰ ਉਹਨਾਂ ਦੇ ਬੱਚਿਆਂ ਉੱਪਰ ਵੀ ਸਪਸ਼ਟ ਰੂਪ ਵਿੱਚ ਨਜ਼ਰ ਆਉਂਦਾ ਹੈ।ਉਹਨਾਂ ਦੇ ਸਪੁੱਤਰ ਡਾ. ਜਸਪਾਲ ਸਿੰਘ ਸੰਧੂ ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ ਦੇ ਉਪ-ਕੁਲਪਤੀ ਹਨ ਅਤੇ ਡਾ. ਜਸਪਾਲ ਸਿੰਘ ਸੰਧੂ ਦੀ ਪਤਨੀ ਡਾ. ਸ਼ਵੇਤਾ ਸੰਧੂ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਅਤੇ ਮੁਖੀ ਹਨ। ਡਾ. ਸੁਰਿੰਦਰ ਕੌਰ ਸੰਧੂ ਦੀ ਸਪੁੱਤਰੀ ਡਾ. ਹਰਲੀਨ ਕੌਰ ਸੰਧੂ ਸੰਯੁਕਤ ਡਾਇਰੈਕਟਰ,ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਉੱਤਰਾਖੰਡ ਹਨ ਅਤੇ ਦਾਮਾਦ ਡਾ. ਸੁਖਬੀਰ ਸਿੰਘ ਸੰਧੂ (ਆਈ. ਏ. ਐੱਸ) ਚੀਫ਼ ਸਕੱਤਰ, ਉੱਤਰਾਖੰਡ ਹਨ।

ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ ਨਿਵਿਦਾਵਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾ ਕਾਰਕ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

ਟੈਂਡਰ ਨੰਬਰ : 251-ਬਿਜਲੀ-T-43-2023-24 ਕੰਮਾਂ ਦਾ ਵੇਰਵਾ: ਇਲੈਕਟ੍ਰਿਕ ਲੋਕੋ ਸ਼ੇਡ ਲੁਧਿਆਣਾ ਦੀ ਹੋਮਿੰਗ ਸਮਰਥਾ ਨੂੰ 175 ਤੋਂ 200 ਲੋਕੋ ਤਕ ਵਧਾਉਣ ਦੇ ਸਬੰਧ ਵਿਚ ਬਿਜਲੀ ਕੰਮ ਅਤੇ ਲੁਧਿਆਣਾ ਸਟੇਸ਼ਨ ਤੇ ਮਾਲ ਢੁਲਾਈ ਰਖਰਖਾਅ ਸਹੂਲਤਾਂ ਦੇ ਵਿਸਤਾਰ ਦੇ ਸਬੰਧ ਵਿਚ ਬਿਜਲੀ ਕੰਮ ਲਈ। **ਅੰਦਾਜਨ ਲਾਗਤ (ਰੁ) :** 67,76,217.59 **ਬਿਆਨਾ ਰਾਸ਼ੀ (ਰੁ.) :** 1,35,500.00 **ਕੰਮ ਦਾ ਸਮਾਂ :** 06 ਮਹੀਨੇ **ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ :** 05.12.2023 15:00 ਵਜੇ ਦੇ ਬਾਅਦ **ਵੈਬਸਾਈਟ :** www.ireps.gov.in **ਨੰ.-** 251-ਬਿਜਲੀ-ਟੈਂਡਰ ਨੋਟਿਸ ਨੰ. 35-ਬਿਜਲੀ/2023-24 **ਮਿਤੀ :-** 13.11.2023

3547/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ATAM VALVES LIMITED
Registered Office : 1051, Industrial Area, Jalandhar, Punjab-144004
CIN: L27109PB1985PLC006476,Website: www.atamvalves.in
Tel:+91 181 5001111, Email : cs@atamfebi.com

30 ਸਤੰਬਰ 2023 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਦੇ ਅਣ-ਪੜਤਾਲੇ ਵਿੱਤੀ ਨਤੀਜੇ (ਰੁਪਏ ਲੱਖਾਂ 'ਚ ਸਿਵਾਏ ਪ੍ਰਤੀ ਸ਼ੇਅਰ ਡਾਟਾ)

ਵੇਰਵੇ	ਤਿਮਾਹੀ ਖਤਮ 30.09.2023	ਤਿਮਾਹੀ ਖਤਮ 30.06.2023	ਤਿਮਾਹੀ ਖਤਮ 30.09.2022	ਅੱਧਾ ਸਾਲ ਖਤਮ 30.09.2023	ਅੱਧਾ ਸਾਲ ਖਤਮ 30.09.2022	ਸਾਲ ਖਤਮ 31.03.2023
	ਅਣ-ਪੜਤਾਲੇ	ਅਣ-ਪੜਤਾਲੇ	ਅਣ-ਪੜਤਾਲੇ	ਅਣ-ਪੜਤਾਲੇ	ਅਣ-ਪੜਤਾਲੇ	ਪੜਤਾਲੇ
ਕਾਰੋਬਾਰ ਤੋਂ ਕੁੱਲ ਆਮਦਨ (ਸ਼ੁੱਧ)	1,276.19	1,040.40	1,079.13	2,316.59	1,823.26	4900.89
ਕੁੱਲ ਲਾਭ/(ਹਾਨੀ) ਮਿਆਦ ਲਈ (ਟੈਕਸ ਅਤੇ ਖਾਸ ਵਸਤੂਆਂ ਤੋਂ ਪਹਿਲਾਂ)	184.45	113.09	201.14	297.54	313.15	1003.53
ਕੁੱਲ ਲਾਭ/(ਹਾਨੀ) ਮਿਆਦ ਲਈ ਟੈਕਸ ਤੋਂ ਪਹਿਲਾਂ (ਖਾਸ ਵਸਤੂਆਂ ਤੋਂ ਬਾਅਦ)	184.45	113.09	201.14	297.54	313.15	1003.53
ਕੁੱਲ ਲਾਭ/(ਹਾਨੀ) ਮਿਆਦ ਲਈ ਟੈਕਸ ਤੋਂ ਬਾਅਦ (ਖਾਸ ਵਸਤੂਆਂ ਤੋਂ ਬਾਅਦ)	131.93	84.07	154.14	216.00	235.00	766.76
ਕੁੱਲ ਵਿਆਪਕ ਆਮਦਨ/(ਹਾਨੀ) ਮਿਆਦ ਲਈ	-	-	-	-	-	770.73
ਇਕੁਇਟੀ ਸ਼ੇਅਰ ਕੈਪੀਟਲ	1,054.80	1,054.80	527.40	1,054.80	527.40	1054.80
ਹੋਰ ਇਕੁਇਟੀ (ਰੀਵੈਲੂਏਸ਼ਨ ਰਿਜ਼ਰਵ ਤੋਂ ਬਗੈਰ)	-	-	-	-	-	1444.50
ਕਮਾਈ ਪ੍ਰਤੀ ਸ਼ੇਅਰ (ਰੁ: 10/- ਹਰੇਕ ਦੀ ਫੇਸ ਵੈਲਿਊ)						
(ਏ) ਬੇਸਿਕ	1.25	0.80	1.63	2.05	2.49	7.67
(ਬੀ) ਡੀਲਿਊਟਿਡ	1.12	0.72	1.31	1.84	2.09	6.93

ਟਿੱਪਣੀ 1 : ਕੰਪਨੀ ਦੇ 30 ਸਤੰਬਰ 2023 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਦੇ ਵਿੱਤੀ ਨਤੀਜੇ ਆਡਿਟ ਕੰਪਨੀ ਵੱਲੋਂ ਨਜ਼ਰਸਾਨੀ ਤੇ ਸਿਫਾਰਸ਼ ਕੀਤੇ ਜਾ ਚੁੱਕੇ ਹਨ ਅਤੇ ਕੰਪਨੀ ਦੇ ਡਾਇਰੈਕਟਰਾਂ ਦੇ ਬੋਰਡ ਵੱਲੋਂ 14.11.2023 ਨੂੰ ਕੀਤੀ ਗਈ ਮੀਟਿੰਗ 'ਚ ਮਨਜ਼ੂਰ ਕੀਤੇ ਗਏ ਹਨ।

ਟਿੱਪਣੀ 2 :ਉਪਰੋਕਤ, ਸੇਬੀ (ਲਿਸਟਿੰਗ ਔਂਡ ਅਦਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਜਿਜ਼ ਕੋਲ ਦਾਇਰ ਕੀਤੇ 30 ਸਤੰਬਰ 2023 ਦੀ ਤਿਮਾਹੀ ਅਤੇ ਅੱਧੇ ਸਾਲ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮੈਟ ਦਾ ਸਾਰ ਹੈ। 30 ਸਤੰਬਰ 2023 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਂਜ ਦੀ ਵੈੱਬਸਾਈਟ www.bseindia.com & www.nseindia.com ਅਤੇ ਕੰਪਨੀ ਦੀ ਵੈੱਬਸਾਈਟ https://www.atamvalves.in/ 'ਤੇ ਉਪਲੱਬਧ ਹੈ।

ਟਿੱਪਣੀ : 3: ਪਿਛਲੀ ਮਿਆਦ/ਸਾਲ ਦੇ ਅੰਕੜੇ ਚਾਲੂ ਮਿਆਦ ਦੇ ਅੰਕੜਿਆਂ ਨਾਲ ਤੁਲਣਾ ਕਰਨ ਲਈ, ਜਿੱਥੇ ਜ਼ਰੂਰਤ ਪਈ ਰੀਗਰੁੱਪਡ/ਰੀਅਰੇਂਜਡ ਕੀਤੇ ਜਾ ਚੁੱਕੇ ਹਨ।

ਵਾਸਤੇ ਅਤੇ ਤਰਫੋਂ ਬੋਰਡ ਆਫ ਡਾਇਰੈਕਟਰਜ਼
ਆਤਮ ਵਾਲਵਜ਼ ਲਿਮਟਿਡ
ਅਮਿਤ ਜੈਨ
ਸਥਾਨ : ਜਲੰਧਰ ਮੈਨੇਜਿੰਗ ਡਾਇਰੈਕਟਰ
ਮਿਤੀ : 14/11/2023 (ਡੀ ਆਈ ਐੱਨ -01063087)

PHF LEASING LIMITED
CIN No. L65110PB1992PLC012488
Registered Office: 87, Radio Colony, Mahavir Marg, BMC Chowk, Jalandhar - 144001, Punjab
+91 91150-00401, Website : www.phfleasing.com Email id : phf_leasingltd@yahoo.co.in

30 ਸਤੰਬਰ 2023 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਰੁਪਏ ਲੱਖਾਂ 'ਚ)

ਲੜੀ ਨੰ.	ਵੇਰਵੇ	ਤਿਮਾਹੀ ਖਤਮ 30/09/2023 ਅਣ-ਪੜਤਾਲੇ	30.06.2023 ਅਣ-ਪੜਤਾਲੇ	30.09.2022 ਅਣ-ਪੜਤਾਲੇ	ਅੱਧਾ ਸਾਲ ਖਤਮ 30/09/2023 ਅਣ-ਪੜਤਾਲੇ	30.09.2022 ਅਣ-ਪੜਤਾਲੇ	ਸਾਲ ਖਤਮ 31/03/2023 ਪੜਤਾਲੇ
1	ਕਾਰੋਬਾਰਾਂ ਤੋਂ ਕੁੱਲ ਆਮਦਨ	768.34	629.03	382.25	1,397.37	731.62	1,774.74
2	ਸਮੇਂ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਅਸਧਾਰਨ ਅਤੇ/ਜਾਂ ਗੈਰ-ਸਧਾਰਨ ਆਇਟਮਾਂ)	78.61	55.71	45.97	134.32	102.81	144.57
3	ਟੈਕਸ ਤੋਂ ਪਹਿਲਾਂ ਸਮੇਂ ਲਈ ਸ਼ੁੱਧ ਲਾਭ/(ਹਾਨੀ) (ਖਾਸ ਅਤੇ/ਜਾਂ ਅਸਧਾਰਨ ਆਇਟਮਾਂ ਮਗਰੋਂ)	78.61	55.71	45.97	134.32	102.81	144.57
4	ਟੈਕਸ ਮਗਰੋਂ ਸਮੇਂ ਲਈ ਸ਼ੁੱਧ ਲਾਭ/(ਹਾਨੀ) (ਖਾਸ ਅਤੇ/ਜਾਂ ਅਸਧਾਰਨ ਆਇਟਮਾਂ ਮਗਰੋਂ)	88.93	65.99	33.19	154.92	78.16	115.64
5	ਸਮੇਂ ਲਈ ਕੁੱਲ ਵਿਆਪਕ ਆਮਦਨ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)	80.39	74.98	33.02	155.37	86.30	137.30
6	ਇਕੁਇਟੀ ਸ਼ੇਅਰ ਕੈਪੀਟਲ	1,238.68	1,238.68	550.00	1,238.68	550.00	1,238.68
7	ਰਿਜ਼ਰਵਜ਼ (ਰੀਵੈਲੂਏਸ਼ਨ ਰਿਜ਼ਰਵ ਤੋਂ ਬਗੈਰ) ਜਿਵੇਂ ਕਿ ਪਿਛਲੇ ਸਾਲ ਦੀ ਪੜਤਾਲੀ ਬੈਲੇਂਸ ਸ਼ੀਟ 'ਚ ਦਰਸਾਇਆ ਗਿਆ	1,640.42	1,560.04	611.37	1,640.42	611.37	1,485.05
8	ਕਮਾਈ 10 ਰੁ:/- ਹਰੇਕ (ਚਾਲੂ ਅਤੇ ਬੰਦ ਕਾਰੋਬਾਰਾਂ ਲਈ)						
	ਪ੍ਰਤੀ ਸ਼ੇਅਰ						
	ਬੇਸਿਕ (ਰੁਪਏ)	0.72	0.53	0.60	1.25	1.42	2.08
	ਡਿਲਿਊਟਡ (ਰੁਪਏ)	0.72	0.53	0.60	1.25	1.42	2.08

ਟਿੱਪਣੀਆਂ :-

1. ਪੀ ਐੱਚ ਐੱਫ ਲੀਜ਼ਿੰਗ ਲਿਮਟਿਡ ("ਦਾ ਕੰਪਨੀ") ਦੇ ਉਪਰੋਕਤ ਨਤੀਜੇ ਆਡਿਟ ਕਮੇਟੀ ਦੀ ਮੀਟਿੰਗ ਵਿੱਚ ਨਜ਼ਰਸਾਨੀ ਕੀਤੇ ਗਏ ਹਨ ਅਤੇ ਬੋਰਡ ਦੇ ਡਾਇਰੈਕਟਰਾਂ ਵੱਲੋਂ ਕੂਮਵਾਰ ਉਨ੍ਹਾਂ ਦੀਆਂ 14 ਨਵੰਬਰ 2023 ਨੂੰ ਹੋਈਆਂ ਮੀਟਿੰਗਾਂ 'ਚ ਮਨਜ਼ੂਰ ਕੀਤੇ ਗਏ ਹਨ।

2. ਉਪਰੋਕਤ 30 ਸਤੰਬਰ 2023 ਨੂੰ ਖਤਮ ਹੋਈ ਤਿਮਾਹੀ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮਟ ਦਾ ਸਾਰ ਹੈ, ਜੋ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ) ਰਿਕੁਆਇਮੈਂਟਸ) ਰੇਗੂਲੇਸ਼ਨ 2015, ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜ ਕੋਲ ਦਾਇਰ ਕੀਤਾ ਗਿਆ ਹੈ। ਉਕਤ ਵਿੱਤੀ ਨਤੀਜਿਆਂ ਦਾ ਪੂਰਾ ਸਾਰ ਸਟਾਕ ਐਕਸਚੇਂਜ ਦੀ ਵੈੱਬਸਾਈਟ www. msei.in ਅਤੇ ਕੰਪਨੀ ਦੀ ਵੈੱਬਸਾਈਟ www. phfleasing.com 'ਤੇ ਉਪਲੱਬਧ ਹੈ।

ਬੋਰਡ ਦੇ ਡਾਇਰੈਕਟਰਾਂ ਦੇ ਹੁਕਮਾਂ ਨਾਲ
ਪੀ ਐੱਚ ਐੱਫ ਲੀਜ਼ਿੰਗ ਲਿਮਟਿਡ
ਸਥਾਨ : ਜਲੰਧਰ ਸਹੀ/- ਵਿਜੇ ਕੁਮਾਰ ਸਰੀਨ
ਮਿਤੀ : 14 ਨਵੰਬਰ 2023 ਹੋਲ-ਟਾਈਮ ਡਾਇਰੈਕਟਰ, ਡੀ ਆਈ ਐੱਨ : 07978240

PAOS INDUSTRIES LTD.
REGD. & CORPORATE OFFICE : VILLAGE PAWA, G.T. ROAD, LUDHIANA-141 120

EXTRACT OF STANDALONE & CONSOLIDATED UN-AUDITED FINANCIAL RESULTS FOR THE QUARTER AND YEAR ENDED 30TH SEPTEMBER, 2023 *(Amount Rs in Lakh)*

Sr. No.	Particulars	Quarter ended 30.09.2023 (Un-audited)	Quarter ended 30.06.2023 (Un-audited)	Quarter ended 30.09.2022 (Un-audited)	Year to Date 30.09.2023 (Un-audited)	Year to Date 30.09.2022 (Un-audited)
1.	Total Income from operations	0.00	0.00	0.00	0.00	0.00
2.	Other Income	0.00	0.00	0.00	0.00	0.00
3.	**Net Profit/(Loss) for the period (before Tax, Exceptional and/or Extraordinary items)**	(6.69)	(9.44)	(5.76)	(16.13)	(14.56)
4.	Net Profit/(Loss) for the period (after Tax, Exceptional and/or Extraordinary items)	(6.69)	(9.44)	(5.76)	(16.13)	(14.56)
5.	**Total Comprehensive Income/(Loss) for the period [Comprising Profit for the period (after Tax) and Other Comprehensive Income (after Tax)]**	(6.69)	(9.44)	(5.76)	(16.13)	(14.56)
6.	Equity Share Capital Face value of Rs 10/- per share	610.36	610.36	610.36	610.36	610.36
7.	Reserves (excluding Revaluation Reserve) as per last audited FS (31/03/2023)	(2210.30)	(2210.30)	(2210.30)	(2210.30)	(2210.30)
8.	Earnings Per Share (of Rs. 10/-each) (for continuing and discontinued operations)					
9.	a) Basic	(0.11)	(0.15)	(0.09)	(0.26)	(0.24)
	b) Diluted	(0.11)	(0.15)	(0.09)	(0.26)	(0.24)

Notes : The above Standalone and Consolidated Financial Results were reviewed by the Audit Committee and approved by the Board of Directors at their meeting held on 14th November, 2023 and the same have been reviewed by the Statutory Auditors and the Limited Review Report does not contain any adverse remarks. As financial figures for Standalone & Consolidated Audited Financial Results are the same hence single tabular columnar information has been provided for the both. The above is an extract of the detailed format of the Financial Results for the quarter and year to date results ending on 30th September, 2023 filed with Stock Exchanges under regulation 33 of the SEBI (Listing Obligations and Disclosure Requirement) Regulations, 2015. The full format of the financial results is available on the Company's website www.paosindustries.in and on the website of the stock exchange www.bseindia.com.

For PAOS INDUSTRIES LIMITED
Sd/-
Managing Director
PLACE : LUDHIANA
DATE : 14-11-2023

Change of Name

I, Narinder Kaur W/O Gurinder Singh Grover R/O A-5/303,Ashberry Home,Crescent Park,G.T.Road,Vallah Bye Pass,Amritsar,Punjab have changed my name from Narinder Kaur to Narinder Kaur Grover.Concerned note.

I Dheeraj S/o Inder Singh R/o Mohalla Krishan Nagar, Qadian, Tehsil Batala, Distt. Gurdaspur having my given name is Dheeraj and Surname is Singh. Please note all.

I, Smt. Satnam Singh S/o Bhagat Ram R/o VPO Pandori Ladha Singh, Tehsil Mahilpur Distt. Hoshiarpur Punjab have changed my name from Satnam Singh to Sant Satnam Singh. Concerned note.

I, Gurjant Singh S/o Kewal Singh R/o Lakhna PO Kacha Pacca Tarn Taran have declaret that Singh is my Surname and Gurjant is my Given name

I, Jasmeet Kaur Dhunna D/o Swinderjit Singh Dhunna W/o Sirpreet Singh Parmar R/o 2A, First Floor, Raghunathpura, Opp Bhandari Hospital, Majitha Road, Amritsar have changed my name from Jasmeet Kaur Dhunna to Jasmeet Kaur Parmar

I, Simarnjeet Singh S/o Jaspal Singh R/o H.No.340, New Azad Nagar Near Dashmesh School Amritsar have changed my name from Simarnjeet Singh to Simranjeet Singh

ਕਲਾਸੀਫਾਈਡ ਇਸ਼ਤਿਹਾਰ

Public Notice

We, Mohinder Singh S/o Ajit Singh and Nirmal Kaur W/o Mohinder Singh both R/o H.no. 74, Ujala Nagar, Basti Sheikh, Jalandhar Declare that Gurpreet Singh is our son That our son is Single and have never been married before. He has no living spouse at present either in India or in Abroad. He is eligible to marry an adult Indian or International spouse as per the extant laws of India or any other country. All Please Note.

I, Anand Kumar S/o Nanu Ram R/o No: 86, Golden Colony, Block-A, Phase-I, Vill. Birring, Distt. Jalandhar, Punjab-5, Had Sold My Vehicle Maruti Car No: PB-08-X-0359, On 28/03/2018 To Satwinder Singh S/o Malkiat Singh R/o VPO. Khadiala Sainian, Distt. Hoshiarpur, Punjab, And After Sale He Shall Be Liable & Responsible For All The Consequnces of Vehicle All Please Note. It.

I, Jaspal Singh S/o Sardar Singh R/o H.No.24, Basant Nagar Sultanwind Road, Amritsar have declare that one Document in the name of Sardar Singh S/o Veer Singh Bearing Document No.1955 Jild No.1 Page No.67, Dated 15.09.1977 has been Lost if any body found send me above address

I, Rahul S/o Kashmiri Lal R/o V.P.O. Tibber, Distt. Gurdaspur, Pin-143529, Punjab, India, declare that my given name as Rahul and my surname as Rahul.

ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP32/843, 7.5 BHP ਜੋ ਹਰਜੀਤ ਸਿੰਘ ਪੁੱਤਰ ਮੀਆਂ ਸਿੰਘ ਵਾਸੀ ਥਾਨੇਵਾਲ ਦੇ ਨਾਮ ਤੇ ਚਲਦਾ ਹੈ, ਇਸ ਕੁਨੈਕਸ਼ਨ ਨੂੰ ਸੰਦੀਪ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਥਾਨੇਵਾਲ ਜਿਲ੍ਹਾ ਗੁਰਦਾਸਪੁਰ ਦੇ ਨਾਮ ਉੱਪਰ ਬਦਲੀ ਕਰਨ ਦੀ ਤਜਵੀਜ਼ ਹੈ । ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ ਅੰਦਰ ਆਪਣਾ ਇਤਰਾਜ਼ ਉਪ ਮੰਡਲ ਅਫਸਰ ਪਾਵਕਾਮ, ਤਿੱਬੜ ਸ/ਡ ਕੋਲ ਦਰਜ ਕਰਵਾ ਸਕਦਾ ਹੈ । 15 ਦਿਨਾਂ ਬਾਅਦ ਇਤਰਾਜ਼ ਨਾ ਮੰਨਣ ਯੋਗ ਹੋਵੇਗਾ ।

ਇੱਕ ਟਿਊਬਵੈੱਲ ਕੁਨੈਕਸ਼ਨ, ਜੋ ਮਹਿੰਦਰ ਕੌਰ ਪਤਨੀ ਬਲਕਾਰ ਸਿੰਘ ਵਾਸੀ ਚਵਿੰਡਾ ਦੇਵੀ ਦਾ ਪਿੰਡ ਮੁਹਾਵਾ ਵਿਖੇ ਚੱਲ ਰਿਹਾ ਹੈ। ਇਸ ਦੀ ਨਾਂਅ ਤਬਦੀਲੀ ਸੰਬੰਧੀ ਬਿਨੈ ਪੱਤਰ ਪ੍ਰਾਪਤ ਹੋਇਆ ਹੈ। ਇਹ ਕੁਨੈਕਸ਼ਨ ਜਿਸ ਦਾ ਖਾਤਾ ਨੰ. ਏ ਪੀ 33/245/2 (5 ਬੀ ਐ

15-NOV-PAGE-7.qxd 11/14/2023 10:42 PM Page 1

ਨਰੇਗਾ ਕਾਮਿਆਂ ਨਾਲ ਧੱਕਾ ਬਰਦਾਸ਼ਤ ਨਹੀਂ ਕਰਾਂਗੇ : ਕਸ਼ਮੀਰ ਗਦਾਈਆ

ਸ਼ੇਰਪੁਰ (ਸੁਖਦੇਵ ਧੂਰੀ)-ਪੰਜਾਬ ਦੇ ਪੇਂਡੂ ਮਜ਼ਦੂਰਾਂ ਖਾਸਕਰ ਨਰੇਗਾ ਕਾਮਿਆਂ ਨਾਲ ਪੰਜਾਬ ਸਰਕਾਰ ਦੀ ਅਣਗਹਿਲੀ ਕਾਰਨ ਲਗਾਤਾਰ ਧੱਕਾ ਕੀਤਾ ਜਾ ਰਿਹਾ ਹੈ। ਮਗਨਰੇਗਾ 2005 ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਨਾ ਕਰਕੇ ਇਸ ਕਿਰਤੀ ਪੱਖੀ ਕਾਨੂੰਨ ਦੀਆਂ ਅਫਸਰਸ਼ਾਹੀ ਧੱਜੀਆਂ ਉਡਾ ਰਹੀ ਹੈ। ਕਾਨੂੰਨ ਅਨੁਸਾਰ ਕੰਮ ਮੰਗਣ ਵਾਲੇ ਕਾਮਿਆਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼ੇਰਪੁਰ ਨੇੜਲੇ ਪਿੰਡ ਈਨਾ ਬਾਜਵਾ ਦੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਏਟਕ) ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨੇ ਕਿਹਾ ਕਿ ਮਗਨਰੇਗਾ 2005 ਪੇਂਡੂ ਕਿਰਤੀਆਂ ਨੂੰ ਪਿੰਡ ਵਿੱਚ ਹੀ 100 ਦਿਨ ਦਾ ਕੰਮ ਉਪਲੱਬਧ ਕਰਾ ਕੇ ਨਿਗੂਣੇ ਜਿਹੇ ਰੁਜ਼ਗਾਰ ਨਾਲ ਜ਼ਿੰਦਗੀ ਨੂੰ ਸੌਖਿਆਂ ਕਰਨਾ ਸੀ। ਮਗਨਰੇਗਾ ਰਾਹੀਂ ਰੁਜ਼ਗਾਰ ਦੇਣ ਵਾਲੀਆਂ ਸੰਸਥਾਵਾਂ ਹੀ ਰੁਜ਼ਗਾਰ ਨਾ ਦੇ ਕੇ ਕਾਮਿਆਂ ਨੂੰ ਠੋਕਰਾਂ ਖਾਣ ਲਈ ਮਜਬੂਰ ਕਰ ਰਹੀਆਂ ਹਨ, ਮਗਨਰੇਗਾ 2005 ਅਨੁਸਾਰ ਕਿਰਤੀਆਂ ਨੇ ਲੋੜ ਪੈਣ 'ਤੇ ਕੰਮ ਮੰਗਣਾ ਹੈ ਤੇ ਅਰਜ਼ੀ ਦੇ ਕੇ ਬੀ ਡੀ ਪੀ ਓ-ਕਮ-ਪ੍ਰੋਗਰਾਮ ਅਫਸਰ ਤੋਂ ਕੰਮ ਦੀ ਮੰਗ ਕਰਨੀ ਹੁੰਦੀ ਹੈ, ਪਰ ਪੰਜਾਬ ਵਿੱਚ ਬਹੁ-ਗਿਣਤੀ ਥਾਵਾਂ 'ਤੇ ਕਾਮਿਆਂ ਵੱਲੋਂ ਕੰਮ ਮੰਗਣ ਦੀ ਤਾਰੀਕ ਤੋਂ 20 ਤੋਂ 30 ਦਿਨ ਬਾਅਦ ਵੀ ਕੰਮ ਨਹੀਂ ਦਿੱਤਾ ਜਾਂਦਾ ਹੈ, ਜਦੋਂ ਅਰਜ਼ੀ ਦੇਣ ਤੋਂ 15 ਦਿਨਾਂ ਬਾਅਦ ਕੰਮ ਨਾ ਦੇਣ ਦੀ ਸੂਰਤ 'ਚ ਬੇਰੁਜ਼ਗਾਰੀ ਭੱਤਾ ਦੇਣਾ ਲਾਜ਼ਮੀ ਹੈ, ਪਰ ਅਫਸਰਸ਼ਾਹੀ ਸਰਕਾਰ ਦੀ ਸ਼ਹਿ 'ਤੇ ਮਨਮਾਨੀਆਂ ਕਰਦੀ ਹੈ। ਇਸੇ ਤਰ੍ਹਾਂ ਹੀ ਈਨਾ ਬਾਜਵਾ ਦੇ ਮਜ਼ਦੂਰਾਂ ਨੂੰ ਕੰਮ ਮੰਗਣ 'ਤੇ ਜ਼ਲੀਲ ਕੀਤਾ ਜਾ ਰਿਹਾ ਹੈ, ਇਸ ਪਿੰਡ ਦੇ ਕਾਮਿਆਂ ਵੱਲੋਂ ਮੰਗੇ ਗਏ ਕੰਮ ਦਿਨ ਪੂਰੇ ਨਹੀਂ ਕੀਤੇ ਗਏ, ਸਿਰਫ 6 ਦਿਨ ਹੀ ਕੰਮ ਦੇ ਕੇ ਕੰਮ ਬੰਦ ਕਰ ਦਿੱਤਾ ਗਿਆ ਹੈ। ਇਸ ਸੰਬੰਧੀ ਮਜ਼ਦੂਰਾਂ 'ਚ ਬੇਹੱਦ ਗੁੱਸਾ ਹੈ।

ਮਜ਼ਦੂਰਾਂ ਨੇ ਫੈਸਲਾ ਕੀਤਾ ਹੈ ਕਿ 20 ਨਵੰਬਰ ਨੂੰ ਹੋਰਨਾਂ ਪਿੰਡਾਂ ਦੇ ਮਜ਼ਦੂਰਾਂ ਨੂੰ ਨਾਲ ਲੈ ਕੇ ਬੀ ਡੀ ਪੀ ਓ ਦਫਤਰ ਸ਼ੇਰਪੁਰ ਵਿਖੇ ਬਲਾਕ ਪੱਧਰੀ ਧਰਨਾ ਦਿੱਤਾ ਜਾਵੇਗਾ। ਜੇਕਰ ਫਿਰ ਵੀ ਗੱਲ ਅਣਸੁਣੀ ਕੀਤੀ ਤਾਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ. ਏਟਕ ਦੀ ਅਗਵਾਈ 'ਚ ਏ ਡੀ ਸੀ (ਵਿਕਾਸ) ਨੂੰ ਵਫਦ ਮਿਲੇਗਾ, ਜੇਕਰ ਮਜ਼ਦੂਰਾਂ ਨੂੰ ਇਨਸਾਫ ਨਾ ਮਿਲਿਆ ਤਾਂ ਸੰਘਰਸ਼ ਤਿੱਖਾ ਕਰ ਦਿੱਤਾ ਜਾਵੇਗਾ। ਇਸ ਸਮੇਂ ਮੀਟਿੰਗ ਨੂੰ ਦੁੱਲਾ ਸਿੰਘ ਤੇ ਕਮਲਜੀਤ ਨੇ ਵੀ ਸੰਬੋਧਨ ਕੀਤਾ।

ਪੰਜਾਬ ਸਰਕਾਰ ਕਿਸਾਨਾਂ ਪ੍ਰਤੀ ਮੋਦੀ ਮਾਰਕਾ ਨੀਤੀ ਅਪਣਾ ਰਹੀ ਹੈ : ਆਗੂ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਪੰਜਾਬ ਸੂਬਾ ਕਮੇਟੀ ਦੇ ਸੱਦੇ 'ਤੇ ਪੰਜਾਬ ਦੀਆਂ 510 ਮੰਡੀਆਂ ਬੀਤੇ ਕੱਲ੍ਹ ਸ਼ਾਮ 7 ਵਜੇ ਤੋਂ ਬੰਦ ਕਰਨ ਦੇ ਕਿਸਾਨ ਵਿਰੋਧੀ ਫੈਸਲੇ ਵਿਰੁੱਧ ਤਿੱਖਾ ਰੋਸ ਜ਼ਾਹਰ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਗਿੱਦੜਬਾਹਾ ਵੱਲੋਂ ਆਪ ਪਾਰਟੀ ਦੀ ਮਾਨ ਸਰਕਾਰ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਭਲਾਈਆਣਾ ਵਿਖੇ ਦਾਣਾ ਮੰਡੀ ਦੇ ਨਜਦੀਕ ਬਠਿੰਡਾ-ਮੁਕਤਸਰ ਰੋਡ 4 ਵਜੇ ਤੋਂ 5 ਵਜੇ ਤੱਕ ਜਾਮ ਕੀਤੀ ਗਈ। ਪੰਜਾਬ ਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ, ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ, ਸਹਾਇਕ ਸਕੱਤਰ ਗੁਰਮੀਤ ਸਿੰਘ ਬਿੱਟੂ ਮੱਲਣ, ਰਾਜਾ ਸਿੰਘ ਮਹਾਂਬੱਧਰ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਜੰਟ ਸਿੰਘ ਸਾਉਕੇ ਕਾਕਾ ਸਿੰਘ ਖੁੰਡੇ ਹਲਾਲ ਨੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਦਰ ਅਸਲ 1990-91 ਵਿਸ਼ਵ ਵਪਾਰ ਸੰਸਥਾ ਡਬਲਿਊ ਟ ਓ ਸੰਸਾਰ ਬੈਂਕ ਦੇ ਇਸ਼ਾਰੇ 'ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ 'ਚ ਕੁੱਲ 1240, ਜੋ ਪਹਿਲੀ ਲਿਸਟ 510 ਦੀ ਜਾਰੀ ਕਰ ਦਿੱਤੀ ਹੈ। ਸ੍ਰੀ ਮੁਕਤਸਰ ਸਾਹਿਬ ਦੀਆਂ ਬਰੀਵਾਲਾ, ਮੁਕਤਸਰ, ਮਲੋਟ, ਗਿੱਦੜਬਾਹਾ ਮੰਡੀਆਂ ਪੂਰਨ ਤੌਰ 'ਤੇ ਬੰਦ ਕਰਨ ਦਾ ਐਲਾਨ ਕੀਤਾ ਗਿਆ, ਨੂੰ ਤਰੁੰਤ ਮੁੜ ਚਾਲੂ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਫੈਸਲੇ ਰਾਹੀਂ ਬਿਨਾਂ ਵਜ੍ਹਾ ਸੈਂਕੜੇ ਮੰਡੀਆਂ ਵਿੱਚ ਸਰਕਾਰੀ ਖਰੀਦ ਠੱਪ ਕਰਕੇ ਮਾਨ ਸਰਕਾਰ ਖੇਤੀ ਮੰਡੀਆਂ ਨੂੰ ਨਿੱਜੀ ਵਪਾਰੀਆਂ ਤੇ ਸਾਮਰਾਜੀ ਕਾਰਪੋਰੇਟ ਦੇ ਹਵਾਲੇ ਕਰਨ ਲਈ ਮੋਦੀ-ਮਾਰਕਾ ਕਾਲੇ ਖੇਤੀ ਕਾਨੂੰਨਾਂ ਲਾਗੂ ਕਰਨ ਵਾਲੀ ਨੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਮੰਡੀਆਂ ਤਰੁੰਤ ਚਾਲੂ ਕੀਤੀਆਂ ਜਾਣ। ਇਸ ਮੌਕੇ ਵੱਡੀ ਗਿਣਤੀ ਕਿਸਾਨ ਮਜ਼ਦੂਰ ਸ਼ਾਮਲ ਸਨ ਅਤੇ ਮੌਕੇ 'ਤੇ ਪੁਲਸ ਪ੍ਰਸ਼ਾਸਨ ਵੀ ਹਾਜ਼ਰ ਸੀ।

ਸਰਕਾਰੀ ਪ੍ਰਾਇਮਰੀ ਸਕੂਲ ਅਹਿਮਦਪੁਰ ਦਾ ਬਾਲ ਮੈਗਜ਼ੀਨ 'ਸੁਗੰਧੀਆਂ' ਰਿਲੀਜ਼

ਮਾਨਸਾ (ਪਮਾਰ)-ਬਾਲ ਦਿਵਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਅਹਿਮਦਪੁਰ ਦਾ ਬਾਲ ਮੈਗਜ਼ੀਨ ਸੁਗੰਧੀਆਂ ਅੰਕ ਦੋ ਜਾਰੀ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਕੂਲ ਮੁਖੀ ਅਮਨਦੀਪ ਸ਼ਰਮਾ ਨੇ ਕਿਹਾ ਕਿ ਬਾਲ ਮੈਗਜ਼ੀਨ 'ਚ ਬੱਚਿਆਂ, ਅਧਿਆਪਕਾਂ ਦੀਆਂ ਕਵਿਤਾਵਾਂ, ਕਹਾਣੀਆਂ, ਬੁਝਾਰਤਾਂ ਤੇ ਆਮ ਗਿਆਨ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਾਲ ਮੈਗਜ਼ੀਨ ਬੱਚਿਆਂ ਵਿੱਚ ਪੜ੍ਹਨ ਤੇ ਸਾਹਿਤਕ ਰੁਚੀ ਪੈਦਾ ਕਰਦੇ ਹਨ। ਸਕੂਲ ਮੈਨੇਜਮੈਂਟ ਕਮੇਟੀ ਦੀ ਚੇਅਰਮੈਨ ਅੰਮ੍ਰਿਤਪਾਲ ਸ਼ਰਮਾ ਨੇ ਬਾਲ ਦਿਵਸ ਮੌਕੇ ਬੱਚਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਮੈਡਮ ਗੁਰਪ੍ਰੀਤ ਕੌਰ, ਮੰਜੂ ਸ਼ਰਮਾ, ਮੋਨਿਕਾ, ਵੀਰਪਾਲ, ਮਨਜੀਤ ਕੌਰ, ਟੇਨੂੰ ਵਾਲਾ, ਪ੍ਰੀਤੀ ਅਰੋੜਾ, ਸਰੋਜ ਰਾਣੀ, ਬਬਲੀ ਕੌਰ, ਅਮ੍ਰਿਤਪਾਲ ਸ਼ਰਮਾ, ਮਨਜੀਤ ਕੌਰ, ਸਿਮਰਨਜੀਤ ਕੌਰ, ਅਕਵਿੰਦਰ ਕੌਰ ਆਦਿ ਹਾਜ਼ਰ ਸਨ।

ਡੀ ਏ ਵੀ ਦੇ ਵਿਦਿਆਰਥੀਆਂ ਨੇ ਬਿਰਧ ਆਸ਼ਰਮ 'ਚ ਬਜ਼ੁਰਗਾਂ ਨਾਲ ਮਨਾਈ ਦੀਵਾਲੀ

ਰਾਜਪੁਰਾ (ਰਮੇਸ਼ ਕਟਾਰੀਆ)-ਡੀ. ਏ. ਵੀ. ਸਕੂਲ ਰਾਜਪੁਰਾ ਦੇ 11ਵੀਂ ਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਿਰਧ ਆਸ਼ਰਮ ਵਿਖੇ ਬਜ਼ੁਰਗਾਂ ਨਾਲ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਅਲਪਨਾ ਪਾਠਕ ਦੀ ਅਗਵਾਈ ਹੇਠ ਦਿਵਾਲੀ ਮਨਾਈ ਅਤੇ ਇਨ੍ਹਾਂ ਵਿਦਿਆਰਥੀਆਂ ਵੱਲੋਂ ਬਜ਼ੁਰਗਾਂ ਨੂੰ ਖਾਣ-ਪੀਣ ਦੀਆਂ ਵਸਤੂਆਂ ਤੇ ਤੋਹਫੇ ਦਿੱਤੇ ਗਏ। ਵਿਦਿਆਰਥੀਆਂ ਦਾ ਮੁੱਖ ਉਦੇਸ਼ ਬਿਰਧ ਆਸ਼ਰਮ ਵਿੱਚ ਦੀਵਾਲੀ ਦਾ ਸੁੰਦਰ ਤਿਉਹਾਰ ਮਨਾਉਣਾ ਤੇ ਉਨ੍ਹਾਂ ਦਾ ਆਸ਼ੀਰਵਾਦ ਲੈਣਾ ਸੀ। ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਰੰਗੋਲੀ ਬਣਾਈ, ਦੀਵਿਆਂ ਤੇ ਮੋਮਬੱਤੀਆਂ ਨਾਲ ਸਥਾਨ ਨੂੰ ਸਜਾਇਆ, ਮਠਿਆਈਆਂ ਵੰਡੀਆਂ ਤੇ ਤੋਹਫੇ ਦਿੱਤੇ। ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਤੇ ਬਜ਼ੁਰਗਾਂ ਵਿੱਚ ਵੀ ਖੁਸ਼ੀ ਦਾ ਮਾਹੌਲ ਸੀ। ਵਿਦਿਆਰਥੀਆਂ ਨੇ ਉਨ੍ਹਾਂ ਨਾਲ ਗੱਲਬਾਤ ਕੀਤੀ ਤੇ ਮੁਲਾਕਾਤ ਤੋਂ ਬਹੁਤ ਕੁਝ ਸਿੱਖਿਆ। ਅੰਤ ਵਿੱਚ ਵਿਦਿਆਰਥੀਆਂ ਨੇ ਉਨ੍ਹਾਂ ਲਈ ਕੁਝ ਗੀਤ ਗਾਏ ਤੇ ਉਨ੍ਹਾਂ ਚਿਹਰੇ 'ਤੇ ਮੁਸਕਰਾਹਟ ਲਿਆਉਣ ਲਈ ਉਨ੍ਹਾਂ ਨਾਲ ਡਾਂਸ ਵੀ ਕੀਤਾ। ਬਿਰਧ ਆਸ਼ਰਮ ਵਿੱਚ ਰਹਿ ਰਹੇ ਬਜ਼ੁਰਗਾਂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ।

ਨਾਵਲ 'ਤਾਲਾਬੰਦੀ ਦੀ ਦਾਸਤਾਨ' ਦਾ ਦੂਜਾ ਐਡੀਸ਼ਨ ਲੋਕ ਅਰਪਣ

ਭੀਖੀ (ਧਰਮਵੀਰ ਸ਼ਰਮਾ)-ਪ੍ਰਵਾਸੀ ਲੇਖਕ ਬਿੰਦਰ ਕੋਲੀਆਂਵਾਲ ਦੇ ਨਾਵਲ 'ਤਾਲਾਬੰਦੀ ਦੀ ਦਾਸਤਾਨ' ਦਾ ਦੂਜਾ ਐਡੀਸ਼ਨ ਸਾਹਿਬਦੀਪ ਪਬਲੀਕੇਸ਼ਨ ਦੇ ਦਫ਼ਤਰ ਵਿਖੇ ਸਾਹਿਤਕਾਰਾਂ ਦੀ ਅਗਵਾਈ ਵਿੱਚ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਨਾਟਕਕਾਰ ਬਲਰਾਜ ਸਿੰਘ ਮਾਨ ਮਾਨਸਾ ਨੇ ਕਿਹਾ ਕਿ ਤਾਲਾਬੰਦੀ ਨੇ ਸਮੁੱਚੇ ਸੰਸਾਰ ਨੂੰ ਪ੍ਰਭਾਵਿਤ ਕੀਤਾ ਸੀ, ਸਭਨਾਂ ਨੇ ਔਖਾ ਸਮਾਂ ਬਿਤਾਇਆ, ਕੋਰੋਨਾ ਦੇ ਭਿਆਨਕ ਦੌਰ ਵਿੱਚ ਰਿਸ਼ਤਿਆਂ ਦੇ ਘਾਣ ਹੋਏ, ਅਜਿਹੀਆਂ ਪ੍ਰਸਥਿਤੀਆਂ ਨੂੰ ਇਸ ਪੁਸਤਕ ਵਿੱਚ ਬਿਆਨ ਕੀਤਾ ਗਿਆ ਹੈ। ਨਵਯੁਗ ਸਾਹਿਤ ਕਲਾ ਮੰਚ ਦੇ ਪ੍ਰਧਾਨ ਭੁਪਿੰਦਰ ਫੌਜੀ ਨੇ ਕਿਹਾ ਕਿ ਪ੍ਰਵਾਸੀ ਲੇਖਕ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਜਿੱਥੇ ਸਾਹਿਤ ਨੂੰ ਪੜ੍ਹਦੇ ਹਨ, ਉਥੇ ਹੀ ਬਹੁਤ ਵਧੀਆ ਸਾਹਿਤ ਦੀ ਰਚਨਾ ਵੀ ਕਰਦੇ ਹਨ। ਬਿੰਦਰ ਕੋਲੀਆਂਵਾਲ ਇਸ ਪੁਸਤਕ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਪੁਸਤਕਾਂ ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਇਸ ਮੌਕੇ ਕਹਾਣੀਕਾਰ ਅਨੇਮਨ ਸਿੰਘ, ਅਰਸ਼ਦੀਪ ਸਿੰਘ ਮਾਨ ਕੈਨੇਡਾ, ਪ੍ਰਕਾਸ਼ਕ ਕਰਨ ਭੀਖੀ, ਹਰਜੀਤ ਸਿੰਘ ਮਾਨਸਾ, ਕੁਲਵਿੰਦਰ ਕਲੇਰ ਭੀਖੀ ਆਦਿ ਹਾਜ਼ਰ ਸਨ।

ਤੀਰ-ਅੰਦਾਜ਼ੀ ਦੀ ਗੋਲਡ ਮੈਡਲ ਵਿਜੇਤਾ ਪ੍ਰਨੀਤ ਦਾ ਨਾਨਕੇ ਪਿੰਡ ਪੁੱਜਣ 'ਤੇ ਭਰਵਾਂ ਸੁਆਗਤ



ਭੀਖੀ (ਧਰਮਵੀਰ ਸ਼ਰਮਾ)-ਏਸ਼ੀਅਨ ਖੇਡਾਂ ਅਤੇ ਏਸ਼ੀਅਨ ਚੈਂਪੀਅਨਸ਼ਿਪ ਦੇ 50 ਮੀਟਰ ਤੀਰ ਅੰਦਾਜ਼ੀ ਨਿੱਜੀ ਤੇ ਟੀਮ ਵਿੱਚ ਗੋਲਡ ਮੈਡਲ ਹਾਸਲ ਕਰਨ ਵਾਲੀ ਪ੍ਰਨੀਤ ਕੌਰ ਤੇ ਉਸ ਦੇ ਮਾਪਿਆਂ ਅਵਤਾਰ ਸਿੰਘ ਤੇ ਮਾਤਾ ਜਗਮੀਤ ਕੌਰ ਦਾ ਨਾਨਕੇ ਪਿੰਡ ਮੋਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿੱਚ ਨਾਨਕਾ ਪਰਿਵਾਰ ਤੇ ਸਮੂਹ ਪਿੰਡ ਵੱਲੋਂ ਭਰਵਾਂ ਸੁਆਗਤ ਕੀਤਾ ਗਿਆ। ਪ੍ਰਨੀਤ ਕੌਰ ਨੇ ਚੀਨ ਵਿੱਚ ਹੋਈਆਂ ਏਸ਼ੀਅਨ ਖੇਡਾਂ ਵਿੱਚ 50 ਮੀਟਰ ਤੀਰ ਅੰਦਾਜ਼ੀ ਈਵੈਂਟ ਵਿੱਚ ਸੋਨੇ ਦਾ ਤਮਗਾ ਹਾਸ਼ਲ ਕੀਤਾ ਸੀ ਅਤੇ ਬੀਤੇ ਦਿਨੀਂ ਥਾਈਲੈਂਡ ਦੀ ਰਾਜਧਾਨੀ ਵਿੱਚ ਹੋਈ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਨਿੱਜੀ ਤੇ ਟੀਮ ਵਰਗ ਵਿੱਚ 2 ਸੋਨੇ ਦੇ ਤਮਗੇ ਜਿੱਤ ਕੇ ਜਿੱਥੇ ਦੇਸ਼ ਦਾ ਨਾਮ ਰੋਸ਼ਨ ਕੀਤਾ, ਉਥੇ ਪੰਜਾਬੀ ਕੁੜੀਆਂ ਲਈ ਰਾਹ ਦਸੇਰਾ ਵੀ ਬਣੀ। ਇਸ ਤੋਂ ਪਹਿਲਾਂ ਉਸ ਨੇ 13 ਨੈਸ਼ਨਲ ਤੇ 19 ਅੰਤਰਰਾਸ਼ਟਰੀ ਮੁਕਾਬਲੇ ਜਿੱਤੇ ਹਨ, ਜਿਨ੍ਹਾਂ ਵਿੱਚੋਂ 2 ਵਿਸ਼ਵ ਰਿਕਾਰਡ ਉਸ ਦੇ ਨਾਮ ਹਨ। ਇੱਥੇ ਉਸ ਦੇ ਮਾਮਾ ਬਲਜਿੰਦਰ ਸਿੰਘ ਤੇ ਪੱਤਰਕਾਰ ਬਲਵਿੰਦਰ ਸਿੰਘ ਧਾਲੀਵਾਲ ਨੇ ਉਸ ਦੀ ਜਿੱਤ 'ਤੇ ਵਧਾਈ ਦਿੰਦਿਆਂ ਕਿਹਾ ਕਿ ਭਾਵੇਂ ਮਾਲਵੇ ਦਾ ਇਹ ਖਿੱਤਾ ਸਿੱਖਿਆ ਤੇ ਖੇਡਾਂ ਪੱਖੋਂ ਪੱਛੜਿਆ ਜਾਣਿਆ ਜਾਂਦਾ ਸੀ, ਪਰ ਅੱਜ ਜ਼ਿਲ੍ਹੇ ਦੇ ਦਰਜਨਾਂ ਨੌਜਵਾਨ ਮੁੰਡੇ-ਕੁੜੀਆਂ ਕੌਮੀ ਪੱਧਰ 'ਤੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਧੁੰਮਾਂ ਪਾ ਰਹੇ ਹਨ। ਉਨ੍ਹਾਂ ਪ੍ਰਨੀਤ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਸਮੁੱਚੇ ਨਾਨਕਾ ਪਿੰਡ ਨੂੰ ਉਸ 'ਤੇ ਮਾਣ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭੋਲਾ ਸਿੰਘ, ਬੰਤ ਸਿੰਘ ਧਾਲੀਵਾਲ, ਨਾਜਰ ਸਿੰਘ ਧਾਲੀਵਾਲ, ਕੁਲਵੀਰ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ ਪੰਚ, ਜਕਿੱਤਰ ਸਿੰਘ, ਜਗਤਾਰ ਸਿੰਘ ਸੋਹੀ, ਕੇਵਲ ਸਿੰਘ ਕੂੰਨਰ, ਨਿਰਮਲ ਸਿੰਘ ਧਲਿਓਂ, ਪਰਮਿੰਦਰ ਸਿੰਘ ਕੂੰਨਰ, ਧਰਮਿੰਦਰ ਸਿੰਘ, ਮੁਸਲਿਮ ਇੰਤਜ਼ਾਮੀਆ ਕਮੇਟੀ ਦੇ ਬਹਾਦਰ ਖਾਂ, ਨਵਾਬ ਖਾਂ, ਸਿਕੰਦਰ ਖਾਂ, ਫੈਜ਼ਦੀਨ ਖਾਂ ਤੇ ਅਲ੍ਹੀ ਖਾਂ ਆਦਿ ਮੌਜੂਦ ਸਨ।

ਦੇਸੀ ਜੁਗਾੜ 'ਤੋਪੜਾ' ਨੇ ਪਟਾਕਿਆਂ ਦੀ ਵਿਕਰੀ 'ਤੇ ਪਾਇਆ ਅਸਰ

ਲਾਈਨਾਂ 'ਚ ਲੱਗ ਕੇ ਵਿਕੀ ਸੁਰਿੰਦਰਾ ਡੇਅਰੀ ਦੀ 'ਜਲੇਬੀ'

ਭਗਤਾ ਭਾਈ ਕਾ (ਰਾਜੀਵ ਗੋਇਲ)-ਜਿਉਂ ਜਿਉਂ ਸਮਾਂ ਬੀਤਦਾ ਜਾ ਰਿਹਾ ਹੈ, ਤਿਉਂ ਤਿਉਂ ਲੋਕਾਂ ਵਿੱਚ ਤਿਉਹਾਰਾਂ ਦਾ ਚਾਅ ਵੀ ਘੱਟਦਾ ਜਾ ਰਿਹਾ ਹੈ। ਦਿਨੋਂ ਦਿਨ ਵਧ ਰਹੀਆਂ ਮੋਤਾਂ ਦੀ ਗਿਣਤੀ ਵੀ ਇਸ ਦਾ ਇੱਕ ਮੁੱਖ ਕਾਰਨ ਹੈ, ਕਿਉਂਕਿ ਸੜਕੀ ਹਾਦਸੇ ਤੇ ਵਧ ਰਹੀਆਂ ਬਿਮਾਰੀਆਂ ਨੇ ਲੋਕਾਂ ਨੂੰ ਆਪਣੇ ਜਾਲ ਵਿੱਚ ਲੈ ਲਿਆ ਹੈ। ਇਸ ਵਾਰ ਦੀਵਾਲੀ 'ਤੇ ਪਟਾਕਿਆਂ ਦੀ ਵਿੱਕਰੀ 'ਤੇ ਵੀ ਕਾਫੀ ਅਸਰ ਪਿਆ, ਕਿਉਂਕਿ ਗੰਧਕ ਪੋਟਾਸ਼ ਦਾ ਮਿਸ਼ਰਨ ਪਾ ਕੇ ਚਲਾਉਣ ਵਾਲੇ ਤੋਪੜੇ ਹੀ ਨੌਜਵਾਨਾਂ ਦੇ ਹੱਥਾਂ ਵਿੱਚ ਨਜ਼ਰ ਆਏ। ਸਿਰਫ 200-250 ਰੁਪਏ ਦੇ ਇਸ ਦੇਸੀ ਜੁਗਾੜ ਨਾਲ ਜਿੱਥੇ ਨੌਜਵਾਨਾਂ ਨੇ ਪੈਸਿਆਂ ਦੀ ਬੱਚਤ ਕੀਤੀ, ਉੱਥੇ ਹੀ ਪਟਾਕਿਆਂ ਨਾਲ ਜਲਣ ਸੜਨ ਤੋਂ ਵੀ ਬਚਾਅ ਰਿਹਾ। ਦੂਜੇ ਪਾਸੇ ਮਠਿਆਈ ਵਾਲੀਆਂ ਦੁਕਾਨਾਂ 'ਤੇ ਵੀ ਇਕੱਠ ਦੇਖਣ ਨੂੰ ਮਿਲਿਆ ਤੇ ਜ਼ਿਆਦਾਤਰ ਲੋਕਾਂ ਵੱਲੋਂ ਸ਼ਹਿਰ ਦੀ ਮਸ਼ਹੂਰ ਸੁਰਿੰਦਰਾ ਡੇਅਰੀ ਨੂੰ ਹੀ ਤਰਜੀਹ ਦਿੱਤੀ ਗਈ, ਜਿੱਥੇ ਲੋ

15-Nov-PAGE- 8 qxd.qxd 11/14/2023 10:47 PM Page 1

ਦੇਸ਼ ਅੰਦਰ ਕਾਰਪੋਰੇਟ ਘਰਾਣੇ ਦਿਨੋਂ-ਦਿਨ ਹੋ ਰਹੇ ਅਮੀਰ : ਚੜੂਨੀ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-ਸਮੁੱਚੇ ਦੇਸ਼ ਅੰਦਰ ਅਮੀਰਾਂ ਅਤੇ ਗਰੀਬਾਂ ਵਿੱਚ ਦਿਨੋਂ-ਦਿਨ ਪਾੜਾ ਵਧਦਾ ਜਾ ਰਿਹਾ ਹੈ ਅਤੇ ਕਾਰਪੋਰੇਟ ਘਰਾਣੇ ਅਮੀਰ ਹੋ ਰਹੇ ਹਨ ਜਦਕਿ ਸਮੁੱਚਾ ਮਜਦੂਰ ਅਤੇ ਕਿਸਾਨ ਵਰਗ ਦਿਨੋਂ-ਦਿਨ ਗਰੀਬ ਹੁੰਦਾ ਜਾ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਚੜੂਨੀ ਗਰੁੱਪ ਵੱਲੋਂ 23 ਨਵੰਬਰ ਨੂੰ ਹਰਿਆਣਾ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਸਬੰਧੀ ਸੁਲਤਾਨਪੁਰ ਲੋਧੀ ਵਿਖੇ ਕੀਤੀ ਗਈ ਕਿਸਾਨਾਂ ਦੀ ਇਕੱਤਰਤਾ ਨੂੰ ਸੰਬੋਧਨ ਕਰਦੇ ਹੋਏ ਗੁਰਨਾਮ ਸਿੰਘ ਚੜੂਨੀ ਰਾਸ਼ਟਰੀ ਪ੍ਰਧਾਨ ਨੇ ਆਪਣੇ ਸੰਬੋਧਨ ਵਿੱਚ ਕੀਤਾ। ਉਹਨਾਂ ਕਿਹਾ ਕਿ ਸਮੁੱਚੇ ਦੇਸ਼ ਅੰਦਰ ਲੱਕ ਤੋੜਵੀਂ ਮਿਹਨਤ ਕਰਨ ਵਾਲਾ ਮਜਦੂਰ ਅਤੇ ਕਿਸਾਨ ਅੱਜ ਵੱਡੀ ਕਰਜੇ ਦੀ ਪੰਡ ਹੇਠਾਂ ਆਇਆ ਹੋਇਆ ਹੈ ਅਤੇ ਖੁਦਕਸ਼ੀਆਂ ਦੇ ਰਾਹ ਪੈ ਗਿਆ ਹੈ। ਉਨਾਂ ਕਿਹਾ ਕਿ ਸਰਕਾਰਾਂ ਵੱਲੋਂ ਕਦੇ ਵੀ ਮਜਦੂਰ ਅਤੇ ਕਿਸਾਨ ਹਤੈਸ਼ੀ ਫੈਸਲੇ ਨਹੀਂ ਲਏ ਗਏ। ਵੱਡੇ-ਵੱਡੇ ਵਪਾਰੀ ਵਰਗ ਦੇ ਕਰੋੜਾਂ ਰੁਪਏ ਦੇ ਕਰਜੇ ਮੁਆਫ ਕੀਤੇ ਜਾਂਦੇ ਹਨ ਜਦ ਕੇ ਕਿਸਾਨਾਂ ਤੇ ਮਜਦੂਰਾਂ ਦੇ ਨਿਗੂਣੇ ਜਿਹੇ ਕਰਜੇ ਦੀ ਮਾਫੀ ਵੱਲ ਸਰਕਾਰਾਂ ਨੇ ਬਿਲਕੁਲ ਧਿਆਨ ਨਹੀਂ ਦਿੱਤਾ। ਰਾਜਨੀਤਕ ਪਾਰਟੀਆਂ ਕਦੇ ਵੀ ਚੋਣ ਮੁੱਦਿਆਂ ਵਿੱਚ ਕਿਸਾਨਾਂ ਅਤੇ ਮਜਦੂਰਾਂ ਸਬੰਧੀ ਕੋਈ ਵੀ ਵਾਅਦਾ ਨਹੀਂ ਕਰਦੀਆਂ ਸਿਰਫ ਤੇ ਸਿਰਫ ਧਰਮ 'ਤੇ ਰਾਜਨੀਤੀ ਕੀਤੀ ਜਾਂਦੀ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਹਲਕਾ ਸੁਲਤਾਨਪੁਰ ਲੋਧੀ ਵਿੱਚ ਬਲਾਕ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਨੂੰ ਨਾਮਜਦ ਕੀਤਾ ਗਿਆ। ਇਸ ਮੌਕੇ ਪੰਜਾਬ ਪ੍ਰਧਾਨ ਦਿਲਬਾਗ ਸਿੰਘ ਗਿੱਲ, ਸਤਨਾਮ ਸਿੰਘ ਖੈੜਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਮਨਜੀਤ ਘੁਮਾਣ ਜਨਰਲ ਸਕੱਤਰ ਪੰਜਾਬ, ਲਾਭ ਚੰਦ ਬਿਗਲੀ ਮੈਂਬਰ ਕੋਰ ਕਮੇਟੀ, ਮੇਅਰ ਸਿੰਘ ਬਲਾਕ ਪ੍ਰਧਾਨ, ਬਲਵਿੰਦਰ ਸਿੰਘ ਬਲਾਕ ਪ੍ਰਧਾਨ, ਨੰਬਰਦਾਰ ਭਜਨ ਸਿੰਘ ਭਲਾਈਪੁਰ, ਬਾਪੂ ਚਰਨ ਸਿੰਘ ਸਰਪੰਚ, ਮੇਜਰ ਸਿੰਘ ਭੰਡਾਲ ਦੋਨਾਂ, ਬਲਕਾਰ ਸਿੰਘ ਬੈਂਸ ਯੂਥ ਪ੍ਰਧਾਨ ਪਟਿਆਲਾ, ਤੇਜਿੰਦਰ ਸਿੰਘ ਮੈਂਬਰ ਅਨੁਸਾਸ਼ਨ ਕਮੇਟੀ ਪੰਜਾਬ, ਸਰਕਲ ਪ੍ਰਧਾਨ ਗੁਰਵਿੰਦਰ ਸਿੰਘ ਗੋਲਡੀ ਧੰਜੂ, ਜਗਪਾਲ ਸਿੰਘ ਚੀਮਾ ਸਰਕਲ ਪ੍ਰਧਾਨ,ਫਕੀਰ ਸਿੰਘ ਚਾਹਲ, ਬਾਬਾ ਜਗਤਾਰ ਸਿੰਘ, ਨਿਰਮਲ ਸਿੰਘ ਮੀਡੀਆ ਇੰਚਾਰਜ, ਫਕੀਰ ਸਿੰਘ ਮੈਂਬਰ,ਜਗਤਾਰ ਸਿੰਘ ਮੈਂਬਰ, ਮੈਂਬਰ ਜਸਵੰਤ ਸਿੰਘ, ਮੇਜਰ ਸਿੰਘ, ਸਰਪੰਚ ਦਵਿੰਦਰ ਸਿੰਘ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਸਤਨਾਮ ਸਿੰਘ, ਸਹਿਬਾਜ ਸਿੰਘ ਬਰਿੰਦਪੁਰ, ਰਾਜਨਬੀਰ ਸਿੰਘ ਚਾਹਲ ਨੱਥੂ ਚਾਹਲ ,ਹਰਮਨਪ੍ਰੀਤ ਸਿੰਘ, ਗੁਰਦੀਪ ਸਿੰਘ, ਜਸ਼ਨਪ੍ਰੀਤ ਸਿੰਘ, ਪ੍ਰਤਪਾਲ ਸਿੰਘ ਆਕਾਸ਼ਦੀਪ ਸਿੰਘ ਨਵਜੋਤ ਆਦਿ ਮੌਜੂਦ ਸਨ।

ਮਿਊਂਸਪਲ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)- ਮਿਊਂਸੀਪਲ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਦੀਆਂ ਚਿਰਕਾਲ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਪ੍ਰਵਾਨ ਨਾ ਹੋਣ ਅਤੇ ਕੁੰਭਕਰਨੀ ਨੀਂਦੇ ਸੁੱਤੀ ਪਈ ਸਰਕਾਰ ਨੂੰ ਜਗਾਉਣ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਐਸੋਸੀਏਸ਼ਨ ਦੇ ਦਫਤਰ ਟਾਂਡਾ ਵਿਖੇ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਦੀ ਅਗਵਾਈ ਵਿੱਚ ਇੱਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦੇ ਹੋਏ ਜੰਮਕਰ ਨਾਰੇਬਾਜੀ ਕੀਤੀ।

ਇਸ ਮੌਕੇ ਤੇ ਹਾਜਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਬਾਰ-ਬਾਰ ਕੀਤੀਆਂ ਜਾ ਰਹੀਆਂ ਜਾਇਜ ਮੰਗਾਂ ਨੂੰ ਪੰਜਾਬ ਸਰਕਾਰ ਮਨਜੂਰ ਕਰਨ ਦੀ ਬਜਾਏ ਟਾਲਮਟੋਲ ਨੀਤੀ 'ਤੇ ਕੰਮ ਕਰ ਰਹੀ ਹੈ ਜਿਸ ਤੋਂ ਇਹ ਸਾਫ ਜਾਹਿਰ ਹੁੰਦਾ ਹੈ ਕਿ ਮਾਨ ਸਰਕਾਰ ਵੀ ਸੱਤਾ ਵਿੱਚ ਆ ਕੇ ਪਹਿਲੀਆਂ ਵਾਲੀਆਂ ਸਰਕਾਰਾਂ ਦੀਆਂ ਨੀਤੀਆਂ 'ਤੇ ਹੀ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਵੱਲੋਂ ਪੰਜਾਬ ਸਰਕਾਰ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਸਾਲ 2016 ਤੋਂ ਰਿਵਾਈਜ ਪੈਨਸ਼ਨ ਦਾ ਬਕਾਇਆ ਦਿੱਤਾ ਜਾਵੇ ਅਤੇ ਅੱਜ ਤੱਕ ਦਾ ਡੀ.ਏ ਦਾ ਜੋ ਬਕਾਇਆ 12% ਬਨਣ ਤੋਂ ਇਲਾਵਾ 2.59% ਦੇ ਹਿਸਾਬ ਨਾਲ ਪੈਨਸ਼ਨ ਬੰਦੀ ਹੈ ਜਲਦੀ ਤੋਂ ਜਲਦੀ ਲਾਗੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਕਾਫੀ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਮਾਨ ਸਰਕਾਰ ਨੇ ਅੱਜ ਤੱਕ ਕੋਈ ਵੀ ਹੁਕਮ ਜਾਰੀ ਨਹੀਂ ਕੀਤਾ ਜਿਸਦੇ ਕਾਰਨ ਐਸੋਸੀਏਸ਼ਨ ਦੇ ਮੈਂਬਰਾਂ ਵਿੱਚ ਰੋਸ ਦੀ ਲਹਿਰ ਵੱਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਆਪਣਾ ਵਤੀਰਾ ਨਹੀਂ ਬਦਲਿਆ ਅਤੇ ਐਸੋਸੀਏਸ਼ਨ ਦੀਆਂ ਜਾਇਜ ਮੰਗਾਂ ਪ੍ਰਵਾਨ ਨਹੀਂ ਕੀਤੀਆਂ ਤਾਂ ਆਉਣ ਵਾਲੀਆਂ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਸਰਕਾਰ ਨੂੰ ਇਸਦਾ ਭਾਰੀ ਖਾਮਿਆਜਾ ਭੁਗਤਣਾ ਪੈ ਸਕਦਾ ਹੈ। ਉਨ੍ਹਾਂ ਮਾਨ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਸਾਡੀਆਂ ਜਾਇਜ ਮੰਗਾਂ ਜਲਦ ਪਰਵਾਨ ਨਾ ਕੀਤੀਆਂ ਤਾਂ ਪੰਜਾਬ ਭਰ ਵਿੱਚ ਐਸੋਸੀਏਸ਼ਨ ਵੱਲੋਂ ਰੋਡ ਜਾਮ ਤੇ ਪੁਤਲੇ ਫੂਕ ਪ੍ਰਦਰਸ਼ਨ ਕਰਦੇ ਹੋਏ ਸੰਘਰਸ਼ ਨੂੰ ਹੋਰ ਤੇਜ ਕਰ ਦਿੱਤਾ ਜਾਵੇਗਾ ਜਿਸਦੀ ਸਾਰੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ 'ਤੇ ਸੀਨੀਅਰ ਮੀਤ ਪ੍ਰਧਾਨ ਗੁਰਦਿਆਲ ਸਿੰਘ, ਮੀਤ ਪ੍ਰਧਾਨ ਮਾਇਆਵਤੀ, ਰਤਨ ਸਿੰਘ ਸੈਨੀ, ਤਰਸੇਮ ਸਿੰਘ, ਐਨ.ਪੀ ਸਿੰਘ, ਸਦਾ ਨੰਦ, ਕੇਵਲ ਸਿੰਘ, ਅਮਰੀਕ ਸਿੰਘ, ਅਸ਼ੋਕ ਕੁਮਾਰ, ਧਰਮ ਚੰਦ, ਨਿਰੰਜਨ ਸਿੰਘ, ਬੋਧ ਰਾਜ, ਬੂਆ ਸਿੰਘ, ਸੋਮਨਾਥ, ਰਾਜ ਰਾਣੀ, ਦੀਪੋ, ਗੁਰਲਾਮ, ਦੇਵਰਾਜ, ਅਛਰ ਰਾਮ, ਸੁਦਰਸ਼ਨ ਕੁਮਾਰ, ਕਮਲਾ, ਚਮਨ ਲਾਲ, ਬਲਦੇਵ ਰਾਜ, ਧਰਮ ਪਾਲ, ਕ੍ਰਿਸ਼ਨਾ, ਰਾਜ ਕੌਰ, ਨਿਰਮਲ ਕੌਰ ਅਤੇ ਹੋਰ ਹਾਜਰ ਸਨ।

ਕਾਰੀਗਰੀ ਨਾਲ ਜੁੜੇ ਕਰੋੜਾਂ ਲੋਕਾਂ ਦੀ ਆਸਥਾ ਦਾ ਕੇਂਦਰ ਹੈ ਪ੍ਰਾਚੀਨ ਵਿਸ਼ਵਕਰਮਾ ਮੰਦਰ

ਫਗਵਾੜਾ-(ਡਾ. ਰਮਨ, ਜਸਵਿੰਦਰ ਢੱਡਾ)- ਇਥੇ ਬੰਗਾ ਰੋਡ 'ਤੇ ਸਥਿਤ ਭਗਵਾਨ ਵਿਸ਼ਵਕਰਮਾ ਦੇ ਪ੍ਰਾਚੀਨ ਮੰਦਿਰ 'ਚ ਦੀਵਾਲੀ ਦੇ ਦੂਜੇ ਦਿਨ ਲਗਾਏ ਜਾਣ ਵਾਲੇ ਵਿਸ਼ਾਲ ਸਾਲਾਨਾ ਮੇਲੇ ਦੌਰਾਨ ਨਤਮਸਤਕ ਹੋਣ ਪਹੁੰਚੇ ਆਮ ਆਦਮੀ ਪਾਰਟੀ ਦੇ ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਵਲੋਂ ਐਮ.ਪੀ. ਫੰਡ ਵਿਚੋਂ ਮੰਦਿਰ ਕਮੇਟੀ ਨੂੰ ਪੰਜ ਲੱਖ ਰੁਪਏ ਦੀ ਗ੍ਰਾਂਟ ਦੇਣ ਦੇ ਕੀਤੇ ਐਲਾਨ ਦੀ ਸ਼ਲਾਘਾ ਕਰਦਿਆਂ ਆਪ ਪਾਰਟੀ ਜ਼ਿਲ੍ਹਾ ਕਪੂਰਥਲਾ ਦੇ ਵਿੱਤ ਸਕੱਤਰ ਅਸ਼ੋਕ ਕੁਮਾਰ ਭਾਟੀਆ ਨੇ ਹਾਜਰੀਨ ਨੂੰ ਸੰਬੋਧਨ ਵਿਚ ਕਿਹਾ ਕਿ ਫਗਵਾੜਾ ਦੇ ਇਸ ਪ੍ਰਾਚੀਨ ਅਤੇ ਪੂਜਨੀਕ ਸ਼੍ਰੀ ਵਿਸ਼ਵਕਰਮਾ ਮੰਦਿਰ ਵਿੱਚ ਸ਼ਿਲਪਕਾਰੀ ਨਾਲ ਸਬੰਧਤ ਦੁਨੀਆ ਭਰ ਦੇ ਕਰੋੜਾਂ ਲੋਕਾਂ ਦੀ ਆਸਥਾ ਹੈ, ਜੋ ਹਰ ਸਾਲ ਦੀਵਾਲੀ ਦੇ ਅਗਲੇ ਦਿਨ ਲੱਗਣ ਵਾਲੇ ਇਸ ਸਾਲਾਨਾ ਮੇਲੇ ਵਿੱਚ ਪੂਰੀ ਸ਼ਰਧਾ ਨਾਲ ਪਰਵਾਰਾਂ ਸਮੇਤ ਮੱਥਾ ਟੇਕਣ ਲਈ ਆਉਂਦੇ ਹਨ। ਉਹਨਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਸੰਸਦ ਮੈਂਬਰ ਰਿੰਕੂ ਵੱਲੋਂ ਮੰਦਿਰ ਨੂੰ ਭੇਟ ਕੀਤੀ ਜਾ ਰਹੀ 5 ਲੱਖ ਰੁਪਏ ਦੀ ਰਾਸ਼ੀ ਮੰਦਿਰ ਦੇ ਪ੍ਰਬੰਧਾਂ ਨੂੰ ਹੋਰ ਬਿਹਤਰ ਬਣਾਉਣ 'ਚ ਲਾਹੇਵੰਦ ਸਿੱਧ ਹੋਵੇਗੀ। ਉਨ੍ਹਾਂ ਜਿੱਥੇ ਸੱਦੇ ਲਈ ਸ਼੍ਰੋਮਣੀ ਸ਼੍ਰੀ ਵਿਸ਼ਵਕਰਮਾ ਧੀਮਾਨ ਸਭਾ ਅਤੇ ਚੈਰੀਟੇਬਲ ਹਸਪਤਾਲ ਟਰੱਸਟ ਦਾ ਧੰਨਵਾਦ ਕੀਤਾ, ਉੱਥੇ ਹੀ ਉਨ੍ਹਾਂ ਚੈਰੀਟੇਬਲ ਹਸਪਤਾਲ ਰਾਹੀਂ ਲੋਕਾਂ ਨੂੰ ਸਸਤੇ ਅਤੇ ਵਧੀਆ ਇਲਾਜ ਮੁਹੱਈਆ ਕਰਵਾਉਣ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਸਭਾ ਅਤੇ ਟਰੱਸਟ ਦੇ ਪ੍ਰਧਾਨ ਬਲਵੰਤ ਰਾਏ ਧੀਮਾਨ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਵਲੋਂ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਅਸ਼ੋਕ ਭਾਟੀਆ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਲਲਿਤ ਸਕਲਾਨੀ, ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ, ਆਮ ਆਦਮੀ ਪਾਰਟੀ ਐਸ.ਸੀ. ਵਿੰਗ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਸੰਤੋਸ਼ ਕੁਮਾਰ ਗੋਗੀ, ਹਰਜਿੰਦਰ ਸਿੰਘ ਵਿਰਕ, ਡਾ: ਜਤਿੰਦਰ ਸਿੰਘ ਪਰਹਾਰ ਤੇ ਮੱਖਣ ਸਿੰਘ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

ਰੋਸ਼ਨੀ ਮੇਲਾ ਬੀਰਮਪੁਰ ਅਮਿੱਟ ਯਾਦਾਂ ਛੱਡਦਾ ਸੰਪੰਨ

ਗੜ੍ਹਸ਼ੰਕਰ (ਫੁਲਾ ਸਿੰਘ ਬੀਰਮਪੁਰ)-ਪਿੰਡ ਬੀਰਮਪੁਰ ਵਿਖੇ ਦਰਗਾਹ ਸ਼ਰੀਫ ਮੀਆਂ ਬਾਬਾ ਕਾਦਰ ਬਖਸ਼ ਜੀ ਦੇ ਦਰਬਾਰ 'ਤੇ ਇਤਹਾਇਕ ਰੋਸ਼ਨੀ ਮੇਲਾ ਅਮਿੱਟ ਯਾਦਾ ਛੱਡਦਾ ਹੋਇਆ ਸੰਪੰਨ ਹੋਇਆ। ਇਹ ਰੋਸ਼ਨੀ ਮੇਲਾ ਭਾਰਤ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਦਾ ਲੱਗਦਾ ਆ ਰਿਹਾ ਹੈ। ਮੇਲੇ ਦੇ ਸ਼ੁਰੂਆਤ ਦਰਬਾਰ 'ਤੇ ਚਿਰਾਗ ਰੋਸ਼ਨ ਕਰ ਕੇ ਕੀਤੀ ਗਈ, ਉਪਰੰਤ ਪੰਜਾਬ ਦੇ ਮਸ਼ਹੂਰ ਕਵਾਲ ਕਰਾਮਤ ਫਕੀਰ ਐਂਡ ਪਾਰਟੀ ਵਲੋਂ ਮਹਿਫਲ ਲਗਾਈ ਗਈ। ਹਰਮਨ ਜਰਮਨ ਵਲੋਂ ਆਪਣੇ ਗੀਤ ਪੇਸ਼ ਕੀਤੇ ਗਏ। ਸੇਵਾਦਾਰਾਂ ਵਲੋਂ ਬੀ ਡੀ ਸੀ ਬਲੱਡ ਬੈਂਕ ਨਵਾਂਸ਼ਹਿਰ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਦਾ ਵੀ ਲਗਾਇਆ ਗਿਆ ਜਿਸ ਵਿੱਚ ਕਰੀਬ 28 ਯੂਨਿਟ ਬਲੱਡ ਇਕੱਤਰ ਕੀਤਾ ਗਿਆ। ਫਤਿਹ ਸ਼ੇਰਗਿੱਲ ਤੇ ਨਛੱਤਰ ਗਿੱਲ ਨੇ ਆਪਣੇ ਗੀਤਾਂ ਨਾਲ ਖੂਬ ਰੰਗ ਬੰਨ੍ਹਿਆ।

ਦੇਰ ਰਾਤ ਤੱਕ ਧਰਮਵੀਰ ਪ੍ਰਦੇਸੀ ਐਂਡ ਪਾਰਟੀ ਵਲੋ ਰਾਜਾ ਭ੍ਰਥਰੀ ਦਾ ਨਾਟਕ ਪੇਸ਼ ਕੀਤਾ ਗਿਆ। ਰਾਏ ਹਸਪਤਾਲ ਗੜ੍ਹਸ਼ੰਕਰ ਵਲੋਂ ਅੱਖਾਂ ਦਾ ਫਰੀ ਮੈਡੀਕਲ ਚੈਕਅੱਪ ਕੈਂਪ ਵੀ ਲਗਾਇਆ ਗਿਆ ਅਤੇ ਲੋੜਵੰਦ ਮਰੀਜਾਂ ਨੂੰ ਦਵਾਈਆ ਵੀ ਮੁਫਤ ਦਿੱਤੀਆਂ ਗਈਆਂ ।

ਝੋਨੇ ਦੀ ਖਰੀਦ 10 ਲੱਖ ਮੀਟ੍ਰਿਕ ਟਨ ਤੋਂ ਪਾਰ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ):-ਪ੍ਰਸ਼ਾਸਨ ਦੇ ਸਾਰਥਕ ਯਤਨਾਂ ਸਦਕਾ ਜ਼ਿਲ੍ਹੇ ਵਿੱਚ ਝੋਨੇ ਦੀ ਖਰੀਦ 10 ਲੱਖ ਮੀਟ੍ਰਿਕ ਟਨ ਦਾ ਅੰਕੜਾ ਪਾਰ ਕਰਦੇ ਹੋਏ ਫਸਲ ਦੀ ਸਰਕਾਰੀ ਤੌਰ 'ਤੇ ਖਰੀਦ ਲਈ ਮਿੱਥੇ ਟੀਚੇ ਦੇ ਨੇੜੇ ਪਹੁੰਚ ਗਈ ਹੈ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਮੌਜੂਦਾ ਮੰਡੀਕਰਨ ਸੀਜ਼ਨ ਦੌਰਾਨ ਜ਼ਿਲ੍ਹੇ ਵਿੱਚ 10.58 ਲੱਖ ਮੀਟ੍ਰਿਕ ਟਨ ਝੋਨੇ ਦੀ ਸਰਕਾਰੀ ਤੌਰ 'ਤੇ ਖਰੀਦ ਦਾ ਟੀਚਾ ਨਿਰਧਾਰਿਤ ਕੀਤਾ ਗਿਆ ਹੈ ਅਤੇ 13 ਨਵੰਬਰ ਤੱਕ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 1025290 ਮੀਟ੍ਰਿਕ ਟਨ ਫਸਲ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਸੋਮਵਾਰ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕੁੱਲ 1033958 ਮੀਟ੍ਰਿਕ ਟਨ ਫਸਲ ਦੀ ਆਮਦ ਹੋਈ ਹੈ, ਜਿਸ ਵਿੱਚੋਂ ਪਨਗ੍ਰੇਨ ਵੱਲੋਂ 383743 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 283105 ਮੀਟ੍ਰਿਕ ਟਨ, ਪਨਸਪ ਵੱਲੋਂ 258839 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 97337 ਮੀਟ੍ਰਿਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 2266 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਕੀਤੇ ਪੁਖਤਾ ਪ੍ਰਬੰਧਾਂ ਸਦਕਾ ਜ਼ਿਲ੍ਹੇ ਵਿੱਚ ਸਮੁੱਚੀ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਫਸਲ ਦੀ ਮੌਕੇ 'ਤੇ ਖਰੀਦ ਦੇ ਨਾਲ-ਨਾਲ 72 ਘੰਟੇ ਦੇ ਨਿਰਧਾਰਿਤ ਸਮੇਂ ਦੇ ਅੰਦਰ ਚੁਕਾਈ ਅਤੇ ਸਮੇਂ ਸਿਰ ਅਦਾਇਗੀ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਲਿਫਟਿੰਗ ਲਈ ਨਿਰਧਾਰਿਤ ਸਮੇਂ ਦੇ ਅੰਦਰ ਹੁਣ ਤੱਕ 91 ਫੀਸਦੀ ਫਸਲ ਦੀ ਚੁਕਾਈ ਤੋਂ ਇਲਾਵਾ ਕਿਸਾਨਾਂ ਨੂੰ ਖਰੀਦ ਕੀਤੀ ਫਸਲ ਦੀ 2083 ਕਰੋੜ ਰੁਪਏ ਦੀ ਅਦਾਇਗੀ ਹੋ ਚੁੱਕੀ ਹੈ।

ਗੁਰਦਵਾਰਾ ਜੱਸਾ ਸਿੰਘ ਰਾਮਗੜ੍ਹੀਆ ਵਿਖੇ ਬੰਦੀ ਛੋੜ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਭੋਗਪੁਰ (ਕੁਲਵੀਰ ਸਿੰਘ ਕਾਹਲੋ)

ਗੁਰਦਵਾਰਾ ਜੱਸਾ ਸਿੰਘ ਰਾਮਗੜ੍ਹੀਆ ਦਸਮੇਸ਼ ਨਗਰ ਭੋਗਪੁਰ ਵਿਖੇ ਬੰਦੀ ਛੋੜ ਦਿਵਸ ਬਹੁਤ ਹੀ ਸ਼ਰਧਾ ਅਤੇ ਉਤਸਾਹ ਨਾਲ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਚੱਲੀ ਲੜੀ ਦੇ ਸਮੂਹਿਕ ਭੋਗ ਪਾਏ ਗਏ, ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਜਥੇ ਭਾਈ ਰਘਵੀਰ ਸਿੰਘ ਦੀਵਾਨਾ ਵੱਲੋਂ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸੰਗਤਾਂ ਵੱਡੀ ਸੰਖਿਆ ਵਿੱਚ ਗੁਰਦੁਆਰਾ ਸਾਹਿਬ ਵਿਖੇ ਨਤਮ

15-Nov-PAGE-9.qxd 11/14/2023 11:10 PM Page 1

ਬਾਲ ਦਿਵਸ ਤੋਂ ਪ੍ਰੀ-ਪ੍ਰਾਇਮਰੀ ਦਾਖਲਿਆਂ ਦੀ ਸ਼ੁਰੂਆਤ : ਹਰਜੋਤ ਬੈਂਸ

ਨੰਗਲ (ਸੁਰਜੀਤ ਸਿੰਘ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਫੈਸਲੇ ਲਏ ਜਾ ਰਹੇ ਹਨ। ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ ਵੱਲੋਂ ਦਿੱਲੀ ਵਿੱਚ ਸਰਕਾਰੀ ਸਕੂਲਾਂ ਦੀ ਬਦਲੀ ਨੁਹਾਰ ਦੀ ਚਰਚਾ ਸੰਸਾਰ ਭਰ ਵਿਚ ਹੋ ਰਹੀ ਹੈ। ਉਸੇ ਤਰ੍ਹਾਂ ਪੰਜਾਬ ਦਾ ਸਿੱਖਿਆ ਢਾਂਚਾ ਤੇ ਸਰਕਾਰੀ ਸਕੂਲਾਂ ਦਾ ਬੁਨਿਆਦੀ ਵਿਕਾਸ ਕਰਵਾ ਕੇ ਹੁਣ ਸਰਕਾਰੀ ਸਕੂਲਾਂ ਨੂੰ ਮਾਡਲ ਤੇ ਕਾਨਵੈਂਟ ਸਕੂਲਾਂ ਦੇ ਮੁਕਾਬਲੇ ਵਾਲੇ ਸਕੂਲ ਬਣਾ ਕੇ ਵਿਦਿਆਰਥੀਆਂ ਨੂੰ ਮੁਕਾਬਲੇਬਾਜੀ ਦੇ ਦੌਰ ਵਿੱਚ ਸਮੋਂ ਦੇ ਹਾਣੀ ਬਣਾਉਣ ਦਾ ਉਪਰਾਲਾ ਕੀਤਾ ਹੈ। ਇਹ ਪ੍ਰਗਟਾਵਾ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਭੱਲੜੀ ਵਿਖੇ ਆਯੋਜਿਤ ਬਾਲ ਮੇਲੇ ਦੇ ਸਮਾਗਮ ਦੌਰਾਨ ਵਿਦਿਆਰਥੀਆਂ, ਅਧਿਆਪਕਾ ਤੇ ਮਾਪਿਆਂ ਨੂੰ ਸੰਬੋਧਨ ਕਰਦੇ ਹੋਏ ਕੀਤਾ। ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ 12800 ਪ੍ਰਾਇਮਰੀ ਸਕੂਲ ਹਨ, ਪੰਜਾਬ ਸਰਕਾਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ, ਹਰ ਪ੍ਰਾਇਮਰੀ ਸਕੂਲ ਨੂੰ ਚਾਰਦੀਵਾਰੀ ਵਿੱਚ ਲਿਆਂਦਾ ਜਾ ਰਿਹਾ ਹੈ। ਸਰਕਾਰੀ ਪ੍ਰਾਇਮਰੀ ਸਕੂਲ ਹੁਣ ਸਕੂਲ ਆਫ ਹੈਪੀਨੈੱਸ ਬਣ ਰਹੇ ਹਨ, ਸਾਡੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੁਣ ਵਿਦਿਆਰਥੀਆਂ ਨੂੰ

ਮਿਆਰੀ ਸਿੱਖਿਆ ਦੇਣ ਲਈ ਸਕੂਲ ਆਫ ਐਮੀਨੈਂਸ ਦੇ ਰੂਪ ਵਿਚ ਤਿਆਰ ਹੋਏ ਹਨ। ਸਰਕਾਰੀ ਸਕੂਲਾ ਦੇ ਪ੍ਰਿੰਸੀਪਲ, ਹੈਡਮਾਸਟਰ ਦੇਸ਼ਾ ਤੇ ਵਿਦੇਸ਼ਾ ਵਿੱਚ ਸਿਖਲਾਈ ਪ੍ਰਾਪਤ ਕਰ ਰਹੇ ਹਨ। ਸਾਡੇ ਸਰਕਾਰੀ ਸਕੂਲਾ ਦੇ ਵਿਦਿਆਰਥੀ ਈਸਰੋ ਵਿਖੇ ਚੰਦਰਯਾਨ-3 ਦੀ ਲਾਂਚਿੰਗ ਦੇ ਗਵਾਹ ਬਣੇ ਹਨ। ਸਿੱਖਿਆ ਮੰਤਰੀ ਨੇ ਕਿਹਾ ਕਿ ਪਿਛਲੇ ਸਾਲ ਪ੍ਰੀ-ਪ੍ਰਾਇਮਰੀ ਕਲਾਸਾ ਵਿਚ ਦਾਖਲਾ 16 ਪ੍ਰਤੀਸ਼ਤ ਵੱਧ ਹੋਇਆ ਹੈ, ਇਸ ਵਾਰ ਬਾਲ ਦਿਵਸ ਤੋਂ ਮੁੜ ਦਾਖਲੇ ਦੀ ਸ਼ੁਰੂਆਤ ਹੋਵੇਗੀ ਅਤੇ ਸਾਡੇ ਸਿੱਖਿਆ ਵਿਭਾਗ ਦੇ ਅਣਥੱਕ ਯਤਨਾਂ ਨਾਲ ਅਸੀਂ ਆਪਣਾ ਰਿਕਾਰਡ ਹੀ ਤੋੜ ਕੇ ਨਵੇਂ ਕੀਰਤੀਮਾਨ ਸਥਾਪਿਤ ਕਰਾਂਗੇ। ਸਿੱਖਿਆ ਮੰਤਰੀ ਨੇ ਕਿਹਾ ਕਿ ਸਾਡੇ ਅਧਿਆਪਕ ਬਹੁਤ ਮਿਹਨਤ ਕਰ ਰਹੇ ਹਨ, ਵਿਦਿਆਰਥੀਆਂ ਵਿਚ ਕੁਸ਼ਲਤਾ ਤੇ ਲਗਨ ਦੀ ਕੋਈ ਕਮੀ ਨਹੀ ਹੈ, ਮਾਪਿਆਂ ਦਾ ਸਹਿਯੋਗ ਤੇ ਭਰੋਸਾ ਸਾਡੇ ਲਈ ਬਹੁਤ ਜਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਉਹ ਦਿਨ ਦੂਰ ਨਹੀ ਜਦੋਂ ਸਰਕਾਰੀ ਸਕੂਲਾਂ ਵਿਚ ਦਾਖਲੇ ਲਈ ਮਾਪਿਆਂ ਨੂੰ ਸੋਚਣਾ ਨਹੀ ਪਵੇਗਾ। ਮਾਡਲ ਤੇ ਕਾਨਵੈਂਟ ਸਕੂਲਾਂ ਦੇ ਮੁਕਾਬਲੇ ਦੀ ਮਿਆਰੀ ਸਿੱਖਿਆ ਸਾਡੇ ਸਰਕਾਰੀ ਸਕੂਲਾਂ ਵਿਚ ਉਪਲੱਬਧ ਕਰਵਾਈ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਭੱਲੜੀ ਸਕੂਲ ਦੀ ਨੁਹਾਰ ਬਦਲਣ ਲਈ 50 ਲੱਖ ਰੁਪਏ ਦੀ ਵਿਸ਼ੇਸ਼ ਯੋਜਨਾ ਉਲੀਕੀ ਗਈ ਹੈ, ਨਾਨਗਰਾ, ਭਲਾਣ ਤੇ ਦਸਗਰਾਈ ਦੇ ਸਰਕਾਰੀ ਸਕੂਲਾਂ ਦੀ ਚਾਰਦੀਵਾਰੀ ਕੀਤੀ ਜਾ ਰਹੀ ਹੈ। ਸਿੱਖਿਆ ਮੰਤਰੀ ਨੇ ਬਾਲ ਮੇਲੇ ਦੌਰਾਨ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੇ ਅਧਿਆਪਕਾਂ ਨਾਲ ਚਰਚਾ ਕੀਤੀ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਜੋ ਸਰਕਾਰੀ ਸਕੂਲਾਂ ਦੀ ਕਾਮਯਾਬੀ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ।

ਪਿਛਲੇ ਸਾਲ ਦੇ ਮੁਕਾਬਲੇ ਦੀਵਾਲੀ 'ਤੇ ਪੰਜਾਬ ਦਾ ਆਈ ਕਿਊ ਆਈ 22.8 ਫੀਸਦੀ ਸੁਧਰਿਆ : ਆਪ

ਚੰਡੀਗੜ੍ਹ, (ਗੁਰਜੀਤ ਬਿੱਲਾ)

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਦੀਵਾਲੀ ਮੌਕੇ ਪੰਜਾਬ 'ਚ ਨੂੰ ਮੱਧਮ ਰੱਖਣ 'ਚ ਸਫਲ ਰਹਿਣ ਲਈ ਸੂਬੇ ਦੀ ਮਾਨ ਸਰਕਾਰ ਦੀ ਸ਼ਲਾਘਾ ਕੀਤੀ ਹੈ। ਦੀਵਾਲੀ 'ਤੇ ਪੰਜਾਬ ਨੇ (12 ਨਵੰਬਰ ਨੂੰ ਸਵੇਰੇ 7 ਵਜੇ ਤੋਂ 13 ਨਵੰਬਰ ਨੂੰ ਸਵੇਰੇ 6 ਵਜੇ ਤੱਕ) ਔਸਤ 207 ਰਿਕਾਰਡ ਕੀਤਾ ਜੋ ਪਿਛਲੇ ਸਾਲ ਨਾਲੋਂ ਮੱਧਮ ਅਤੇ ਮਹੱਤਵਪੂਰਨ ਤੌਰ 'ਤੇ ਬਿਹਤਰ ਸੀ। ਮੰਗਲਵਾਰ ਨੂੰ ਬੁਲਾਰੇ ਬੱਬੀ ਬਾਦਲ ਅਤੇ ਬਿਕਰਮਜੀਤ ਪਾਸੀ ਦੇ ਨਾਲ ਚੰਡੀਗੜ੍ਹ ਸਥਿਤ ਪਾਰਟੀ ਦਫਤਰ ਤੋਂ 'ਆਪ' ਦੇ ਬੁਲਾਰੇ ਜਗਤਾਰ ਸਿੰਘ ਸੰਘੇੜਾ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਲਈ ਇਹ ਮਾਣ ਵਾਲੀ ਗੱਲ ਹੈ ਕਿ ਸੂਬੇ 'ਚ ਇਸ ਸਾਲ ਹਵਾ ਗੁਣਵੱਤਾ ਸੂਚਕ ਅੰਕ ਪਿਛਲੇ ਸਾਲ (2022) ਦੇ ਮੁਕਾਬਲੇ 22.8 ਫੀਸਦੀ ਬਿਹਤਰ ਰਿਹਾ। 2021 ਦੀ ਦੀਵਾਲੀ ਦੇ ਮੁਕਾਬਲੇ 2022 'ਚ ਹਵਾ ਗੁਣਵੱਤਾ ਸੂਚਕਾਂਕ 7.6% ਬਿਹਤਰ ਰਿਹਾ ਅਤੇ ਇਸ ਸਾਲ ਹੋਰ ਸੁਧਾਰ ਦਰਜ ਕੀਤਾ ਗਿਆ। 2021 'ਚ ਦੀਵਾਲੀ ਵਾਲੇ ਦਿਨ ਸਵੇਰੇ 7 ਵਜੇ ਤੋਂ ਅਗਲੇ ਦਿਨ ਸਵੇਰੇ 6 ਵਜੇ ਤੱਕ ਹਵਾ ਗੁਣਵੱਤਾ ਸੂਚਕ ਅੰਕ 268 ਸੀ, ਜਦੋਂ ਕਿ ਪਿਛਲੇ ਸਾਲ ਹਵਾ ਗੁਣਵੱਤਾ ਸੂਚਕ ਅੰਕ 224 ਸੀ, ਇਸ ਸਾਲ ਇਹ

207 ਸੀ।

ਸੰਘੇੜਾ ਨੇ ਕਿਹਾ ਕਿ ਇਹ ਮਾਨ ਸਰਕਾਰ ਦੀਆਂ ਲਗਾਤਾਰ ਕੋਸ਼ਿਸ਼ਾਂ ਦਾ ਨਤੀਜਾ ਹੈ। ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਛੇ ਸਹਿਰਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਖੰਨਾ, ਮੰਡੀ ਗੋਬਿੰਦਗੜ੍ਹ ਅਤੇ ਪਟਿਆਲਾ 'ਚ ਲਗਾਤਾਰ ਅੰਬੀਏਂਟ ਏਅਰ ਕੁਆਲਿਟੀ ਮਾਨੀਟਰ ਸਟੇਸ਼ਨ ਸਥਾਪਿਤ ਕੀਤੇ ਹਨ, ਜੋ ਲਗਾਤਾਰ ਹਵਾ ਦੀ ਗੁਣਵੱਤਾ ਦੀ ਨਿਗਰਾਨੀ ਕਰਦੇ ਹਨ ਅਤੇ ਸਹੀ ਡਾਟਾ ਇਕੱਤਰ ਕਰਦੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ 70% ਕਮੀ ਆਈ ਹੈ, ਜੋ ਕਿ ਬਿਹਤਰ ਹਵਾ ਦੀ ਗੁਣਵੱਤਾ ਦਾ ਇੱਕ ਵੱਡਾ ਕਾਰਕ ਹੈ। ਲਗਭਗ 1 ਲੱਖ 40 ਹਜ਼ਾਰ ਮਸ਼ੀਨਾਂ ਵੰਡੀਆਂ ਗਈਆਂ ਹਨ ਜੋ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਲਈ ਵਰਤੀਆਂ ਜਾਂਦੀਆਂ ਹਨ। ਸੰਘੇੜਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮਸ਼ੀਨਰੀ ਅਤੇ ਸਿਸਟਮ ਪੂਰੀ ਤਰ੍ਹਾਂ ਸਰਗਰਮ ਹੈ। ਅੰਤ 'ਚ 'ਆਪ' ਦੇ ਬੁਲਾਰੇ ਨੇ ਕੇਂਦਰ ਸਰਕਾਰ ਨੂੰ ਵੀ ਅਜਿਹੇ ਕਦਮ ਚੁੱਕਣ ਦੀ ਅਪੀਲ ਕੀਤੀ ਤਾਂ ਜੋ ਇਸ ਸਮੱਸਿਆ ਨਾਲ ਸਹੀ ਢੰਗ ਨਾਲ ਨਿਪਟਿਆ ਜਾ ਸਕੇ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਦਾਲਾਂ ਅਤੇ ਮੱਕੀ ਸਮੇਤ 22 ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਫਸਲੀ ਵਿਭਿੰਨਤਾ ਨੂੰ ਉਤਸਾਹਿਤ ਕਰਨ ਲਈ ਪੰਜਾਬ ਸਰਕਾਰ ਦੀ ਮਦਦ ਕਰਨੀ ਚਾਹੀਦੀ ਹੈ।

ਸੀਟੀ ਗਰੁੱਪ ਨੇ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਕੀਤਾ ਸਨਮਾਨਤ

ਜਲੰਧਰ (ਸ਼ੈਲੀ ਅਲਬਰਟ)

ਸੀਟੀ ਗਰੁੱਪ ਨੇ ਹਾਲ ਹੀ ਵਿੱਚ ਪਰਾਲੀ ਸਾੜਨ ਤੋਂ ਗੁਰੇਜ ਕਰਨ ਵਾਲੇ ਸਥਾਨਕ ਕਿਸਾਨਾਂ ਨੂੰ ਸਨਮਾਨਿਤ ਕਰਨ ਲਈ ਇੱਕ ਵਿਸ਼ੇਸ਼ ਸਮਾਰੋਹ ਦੀ ਮੇਜਬਾਨੀ ਕੀਤੀ, ਜੋ ਵਾਤਾਵਰਣ ਦੀ ਸੰਭਾਲ ਪ੍ਰਤੀ ਆਪਣੇ ਸਮਰਪਣ ਨੂੰ ਦਰਸਾਉਂਦਾ ਹੈ। ਇਹ ਸਨਮਾਨ ਪ੍ਰਾਪਤ ਕਰਤਾ ਨੇੜਲੇ ਪਿੰਡਾਂ ਤੋਂ ਸਨ, ਜਿਨ੍ਹਾਂ ਵਿੱਚ ਪਿੰਡ ਲੋਹਾਰਾਂ, ਪਿੰਡ ਚਿੱਟੀ , ਪਿੰਡ ਬੋਲੀਨਾ ਦੋਆਬਾ ਅਤੇ ਪਿੰਡ ਜੈਤੋਵਾਲ ਆਦਿ ਪਿੰਡ ਸ਼ਾਮਲ ਸਨ। ਮਾਨਤਾ ਪ੍ਰਾਪਤ ਕਿਸਾਨਾਂ ਵਿੱਚ , ਭੁਪਿੰਦਰ ਬੰਗਰ (ਸਰਪੰਚ, ਪਿੰਡ ਲੋਹਾਰਾਂ), ਰਮੇਸ਼ ਲਾਲ (ਪਿੰਡ ਚਿੱਟੀ), ਹਰੀ ਸਿੰਘ (ਪਿੰਡ ਜੈਤੋਵਾਲ), ਕੁਲਵਿੰਦਰ ਬੱਗਾ (ਸਰਪੰਚ, ਬੋਲੀਨਾ ਪਿੰਡ) ਅਤੇ ਹੋਰ ਬਹੁਤ ਸਾਰੇ ਕਿਸਾਨਾਂ ਨੂੰ ਹਵਾ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਯੋਗਦਾਨ ਪਾਉਣ ਵਾਲੀਆਂ ਕਾਰਗਾਰ ਖੇਤੀਬਾੜੀ ਤਕਨੀਕਾਂ ਨੂੰ ਅਪਣਾਉਣ ਲਈ ਮਿਸਾਲੀ ਯਤਨਾਂ ਲਈ ਸਨਮਾਨਿਤ ਕੀਤਾ ਗਿਆ । ਇਹ ਸਮਾਰੋਹ ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਦੀ ਹਾਜਰੀ ਵਿੱਚ ਹੋਇਆ। ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਡਾ. ਵਨੀਤ ਠਾਕੁਰ (ਵਧੀਕ ਡਾਇਰੈਕਟਰ ਦਾਖਲਾ) ਅਤੇ ਡਾ. ਅਰਜਨ (ਡੀਨ ਵਿਦਿਆਰਥੀ ਭਲਾਈ) ਨੇ ਵਾਤਾਵਰਣ ਨੂੰ ਬਚਾਉਣ ਪ੍ਰਤੀ ਇਹਨਾਂ ਖਾਸ ਕਦਮਾਂ ਲਈ ਕਿਸਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ । ਸਮਾਰੋਹ ਵਿੱਚ ਇੱਕ ਭਾਵੁਕ ਛੂਹ ਜੋੜਦੇ ਹੋਏ, ਸਨਮਾਨਿਤ ਕਿਸਾਨਾਂ ਵਿੱਚੋਂ ਇੱਕ ਕਿਸਾਨ ਨੇ ਸਾਂਝਾ ਕੀਤਾ ਕਿ , ਕਿਸਾਨ ਹੋਣ ਦੇ ਨਾਤੇ, ਅਸੀਂ ਵਾਤਾਵਰਣ 'ਤੇ ਆਪਣੇ ਕੰਮਾਂ ਦੇ ਪ੍ਰਭਾਵ ਨੂੰ ਸਮਝਦੇ ਹਾਂ। ਪਰਾਲੀ ਨਾ ਸਾੜਨ ਦੀ ਚੋਣ ਕਰਨਾ ਇਕ ਛੋਟਾ ਜਿਹਾ ਕਦਮ ਹੈ, ਪਰ ਸਮੂਹਿਕ ਤੌਰ 'ਤੇ ਇਹ ਇਕ ਮਹੱਤਵਪੂਰਨ ਫਰਕ ਆਉਣ ਵਾਲੇ ਸਮੇ ਵਿੱਚ ਦਿਖਾਈ ਦਵੇਗਾ । ਉਨ੍ਹਾਂ ਨੇ ਸੀਟੀ ਗਰੁੱਪ ਦਾ ਦਿਲੋਂ ਧੰਨਵਾਦ ਕੀਤਾ ਕਿ ਉਹਨਾਂ ਨੇ ਕਿਸਾਨਾਂ ਪ੍ਰਤੀ ਲਗਾਵ 'ਤੇ ਚਿੰਤਾ ਦਿਖਾਈ ਅਤੇ ਦੂਜਿਆਂ ਕਿਸਾਨਾਂ ਨੂੰ ਹਰੇ-ਭਰੇ ਭਵਿੱਖ ਲਈ ਇਨ੍ਹਾਂ ਯਤਨਾਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਨਾ ਦਿੱਤੀ।

ਡਿਪਟੀ ਕਮਿਸ਼ਨਰ ਤੇ ਐਸ ਐਸ ਪੀ ਨੇ ਸਰਕਾਰੀ ਹਸਪਤਾਲ ਤੇ ਨਸ਼ਾ ਛੁਡਾਓ ਕੇਂਦਰ ਦੀ ਕੀਤੀ ਅਚਨਚੇਤ ਚੈਕਿੰਗ

ਨਵਾਂਸ਼ਹਿਰ, (ਮਨੋਜ ਲਾਡੀ)

ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ.ਐਸ.ਪੀ ਡਾ. ਅਖਿਲ ਚੌਧਰੀ ਨੇ ਮੰਗਲਵਾਰ ਸਵੇਰੇ ਸਰਕਾਰੀ ਹਸਪਤਾਲ ਅਤੇ ਨਸ਼ਾ ਛੁਡਾਊ ਕੇਂਦਰ ਵਿਖੇ ਅਚਨਚੇਤ ਚੈਕਿੰਗ ਕੀਤੀ। ਚੈਕਿੰਗ ਦੌਰਾਨ ਕਈ ਡਾਕਟਰ ਗੈਰ ਹਾਜ਼ਰ ਪਾਏ ਗਏ, ਜਿਸ ਦਾ ਗੰਭੀਰ ਨੋਟਿਸ ਲੈਂਦੇ ਹੋਏ ਡਿਪਟੀ ਕਮਿਸ਼ਨਰ ਨੇ ਸਿਵਲ ਸਰਜਨ ਨੂੰ ਕਾਰਵਾਈ ਕਰਕੇ ਰਿਪੋਰਟ ਪੇਸ਼ ਕਰਨ ਦੇ ਸਖਤ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਨੇ ਨਸ਼ਾ ਛੁਡਾਊ ਕੇਂਦਰ ਦਾ ਦੌਰਾ ਕਰਕੇ ਦਵਾਈ ਲੈਣ ਆਏ ਮਰੀਜ਼ਾਂ ਦਾ ਹਾਲ ਚਾਲ ਪੁੱਛਿਆ ਅਤੇ ਡਾਕਟਰ ਵਲੋਂ ਮਰੀਜ਼ਾਂ ਨੂੰ ਦਿੱਤੀਆਂ ਜਾਂਦੀਆਂ ਦਵਾਈਆਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ। ਡਾਕਟਰ ਵਲੋਂ ਮਰੀਜ਼ਾਂ ਨੂੰ ਹਰ ਰੋਜ਼, ਇਕ ਹਫ਼ਤਾ ਅਤੇ ਪੰਦਰਾਂ ਦਿਨਾਂ ਦੀ ਇਕੱਠੀ ਦਿੱਤੀਆਂ ਜਾਂਦੀਆਂ ਦਵਾਈਆਂ ਸਬੰਧੀ ਡਿਪਟੀ ਕਮਿਸ਼ਨਰ ਸਾਹਿਬ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਉਪਰੰਤ ਡਿਪਟੀ ਕਮਿਸ਼ਨਰ ਵਲੋਂ ਦਿੱਤੀਆਂ ਜਾਂਦੀਆਂ ਦਵਾਈਆਂ ਦਾ ਬਰੀਕੀ ਦੇ ਨਾਲ ਸਟਾਕ ਰਜਿਸਟਰ ਚੈਕ ਕੀਤਾ ਗਿਆ। ਉਨ੍ਹਾਂ ਨੇ ਡਾਕਟਰਾਂ ਨੂੰ ਸਖਤ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਮਰੀਜ਼ਾਂ ਦੀ ਰਜਿਸਟ੍ਰੇਸ਼ਨ ਸਮੋਂ ਸਬੰਧਤ ਮਰੀਜ਼ ਦਾ ਆਈ ਕਾਰਡ ਲੈ ਕੇ ਹੀ ਰਜਿਸਟ੍ਰੇਸ਼ਨ ਕੀਤੀ

ਜਾਵੇ ਅਤੇ ਜਿਸ ਮਰੀਜ ਨੂੰ ਦਵਾਈ ਦਿੱਤੀ ਜਾਂਦੀ ਹੈ, ਉਸ ਨੂੰ ਹੀ ਦਵਾਈ ਦਿੰਤੀ ਜਾਵੇ ਅਤੇ ਕਿਸੇ ਕਿਸੇ ਹੋਰ ਮਰੀਜ਼ ਦੀ ਦਵਾਈ ਕਿਸੇ ਵੀ ਵਿਅਕਤੀ ਨੂੰ ਘਰ ਲੈ ਕੇ ਜਾਣ ਵਾਸਤੇ ਨਾ ਦਿੱਤੀ ਜਾਵੇ। ਉਨ੍ਹਾਂ ਨੇ ਨਸ਼ਾ ਛੁਡਾਊ ਕੇਂਦਰ ਦੇ ਸਟਾਫ ਨੂੰ ਵੀ ਮਰੀਜ਼ਾਂ ਦੇ ਨਾਲ ਸਹੀ ਵਤੀਰਾ ਰੱਖਣ ਲਈ ਨਿਰਦੇਸ਼ ਵੀ ਦਿੱਤੇ।

ਐਸ.ਐਸ.ਪੀ ਡਾ. ਅਖਿਲ ਚੌਧਰੀ ਨੇ ਨਸ਼ਾ ਛੁਡਾਊ ਕੇਂਦਰ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਜਦੋਂ ਉਨ੍ਹਾਂ ਕੋਲ ਕੋਈ ਮਰੀਜ਼ ਆਉਂਦਾ ਹੈ, ਤਾਂ ਸਭ ਤੋਂ ਪਹਿਲਾਂ ਉਸਦੀ ਆਈ. ਡੀ ਲੈ ਕੇ ਰਜਿਸਟ੍ਰੇਸ਼ਨ ਕੀਤੀ ਜਾਵੇ ਅਤੇ ਇਸ ਤੋਂ ਬਾਅਦ ਮਰੀਜ਼ ਦੀ ਕਾਂਊਂਸਲਿੰਗ ਕਰਕੇ ਇਹ ਜਾਣਕਾਰੀ ਲਈ ਜਾਵੇ ਕਿ ਉਹ ਕਿਸ ਪ੍ਰਕਾਰ ਦਾ ਨਸ਼ਾ ਲੈਂਦਾ ਹੈ ਅਤੇ ਉਸ ਦਾ ਨਸ਼ਾ ਲੈਣ ਦਾ ਕੀ ਕਾਰਨ ਹੈ। ਮਰੀਜ਼ ਦੀ ਕਾਂਊਂਸਲਿੰਗ ਕਰਕੇ ਸਬੰਧਤ ਮਰੀਜ਼ ਨੂੰ ਨਸ਼ਾ ਛੱਡਣ ਦੇ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਜਿਥੇ ਤੱਕ ਹੋ ਸਕੇ ਉਸ ਨੂੰ ਵਾਪਸ ਸਮਾਜਿਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਕਰਨ ਦੇ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਕਾਂਊਂਸਲਿੰਗ ਤੋਂ ਬਾਅਦ ਹੀ ਸਬੰਧਤ ਮਰੀਜ਼ ਨੂੰ ਡਾਕਟਰ ਕੋਲ ਦਵਾਈ ਲੈਣ ਲਈ ਭੇਜਿਆ ਜਾਵੇ ਅਤੇ ਡਾਕਟਰ ਵਲੋਂ ਮਰੀਜ਼ ਨੂੰ ਨਸ਼ਾ ਛੱਡਣ ਦੇ ਲਈ ਪ੍ਰੇਰਿਤ ਕੀਤਾ ਜਾਵੇ, ਤਾਂ ਜੋ ਮਿਥੇ ਗਏ ਸਮੋਂ ਅੰਦਰ ਦਵਾਈ ਦਾ ਕੋਰਸ ਪੂਰਾ ਕਰਕੇ ਨਸ਼ਾ ਛੱਡ ਸਕੇ ਅਤੇ ਮੁੜ ਆਪਣੀਆਂ ਪਰਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਅ ਸਕੇ। ਇਸ ਮੌਕੇ ਜ਼ਿਲ੍ਹਾ ਮਨੋਵਿਗਿਆਨੀ ਡਾ. ਰਾਜਨ ਸ਼ਾਸ਼ਤਰੀ, ਐਸ.ਐਮ.ਓ ਡਾ. ਸਤਵਿੰਦਰ ਸਿੰਘ ਬਿੱਟੂ ਤੋਂ ਇਲਾਵਾ ਸਰਕਾਰੀ ਹਸਪਤਾਲ ਦੇ ਸਟਾਫ ਮੈਂਬਰ ਵੀ ਮੌਜੂਦ ਸਨ।

ਦੀਵਾਲੀ ਦਾ ਤਿਉਹਾਰ ਰੀਤੀ-ਰਿਵਾਜਾਂ ਨਾਲ ਮਨਾਇਆ

ਜਲੰਧਰ (ਰਾਜੇਸ਼ ਥਾਪਾ)

ਜਲੰਧਰ ਹਾਈਟਸ ਦੇ ਏ ਜੀ ਆਈ ਗਲੋਬਲ ਸਕੂਲ ਨੇ ਦੀਵਾਲੀ, ਜਿਸ ਨੂੰ ਰੌਸ਼ਨੀਆਂ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ, ਨੇ ਲਕਸ਼ਮੀ ਪੂਜਨ ਸਮੇਤ ਬਹੁਤ ਹੀ ਉਤਸਾਹ ਅਤੇ ਪੂਰੀ ਰੀਤੀ-ਰਿਵਾਜਾਂ ਨਾਲ ਮਨਾਇਆ। ਲਕਸ਼ਮੀ ਪੂਜਨ ਦੀਆਂ ਗਤੀਵਿਧੀਆਂ ਦਾ ਖਾਸ ਹੀ ਨਜ਼ਾਰਾ ਸੀ। ਸਕੂਲ ਦੇ ਸਮੂਹ ਵਿਦਿਆਰਥੀਆਂ, ਸਟਾਫ ਨੇ ਦੀਵਾਲੀ ਦੇ ਜਸ਼ਨਾਂ 'ਚ ਜੋਸ਼ੀਲੇ ਅਤੇ ਆਨੰਦਮਈ ਢੰਗ ਨਾਲ ਹਿੱਸਾ

15-NOV-PAGE-10.qxd 11/14/2023 10:41 PM Page 1

ਆਂਗਣਵਾੜੀ ਸੈਂਟਰ 'ਚ ਗ੍ਰੀਨ ਦੀਵਾਲੀ ਮਨਾਈ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਆਂਗਣਵਾੜੀ ਸੈਂਟਰ ਨੰ. 122 ਵਿੱਚ ਛੋਟੇ-ਛੋਟੇ ਮਾਸੂਮ ਬੱਚਿਆਂ ਵੱਲੋਂ ਗ੍ਰੀਨ ਦੀਵਾਲੀ ਮਨਾਈ ਗਈ। ਇਸ ਮੌਕੇ ਸਾਬਕਾ ਕੌਂਸਲਰ ਸੁਰਿੰਦਰ ਕੁਮਾਰ ਛਿੰਦੀ, ਚੇਅਰਮੈਨ ਧਰਮਵੀਰ ਧੰਮੀ, ਸਮਾਜ ਸੇਵੀ ਪਰਮਜੀਤ ਸਿੰਘ ਨੀਲੋਂ, ਇੰਸਪੈਕਟਰ ਸੁਖਦੇਵ ਸਿੰਘ ਬਿੱਟੂ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਕਤ ਆਗੂਆਂ ਨੇ ਕਿਹਾ ਕਿ ਦੀਵਾਲੀ ਦਾ ਤਿਉਹਾਰ ਰੋਸ਼ਨੀ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਹੈ ਅਤੇ ਸਾਨੂੰ ਸਭ ਨੂੰ ਇਕੱਠਿਆਂ ਹੋ ਕੇ ਪ੍ਰਦੂਸ਼ਣ ਰਹਿਤ 'ਗ੍ਰੀਨ ਦੀਵਾਲੀ' ਮਨਾਉਣੀ ਚਾਹੀਦੀ ਹੈ। ਇਸ ਮੌਕੇ ਕੁਲਵੰਤ ਕੌਰ ਨੀਲੋਂ, ਪਰਮਜੀਤ ਕੌਰ ਸੈਣੀ, ਹੈਲਪਰ ਗੁਰਪ੍ਰੀਤ ਕੌਰ, ਅਮਰਜੀਤ ਕੌਰ, ਮੋਟੀਵੇਟਰ ਗਗਨਪ੍ਰੀਤ ਕੌਰ, ਸੁਮਨ, ਮਲਕੀਤ ਕੌਰ, ਹਰਪ੍ਰੀਤ ਕੌਰ, ਰਾਹੁਲ ਕੁਮਾਰ, ਅੱਛਰ ਰਾਮ, ਗੁਲਸ਼ਨ ਕੁਮਾਰ, ਜਗਦੇਵ ਸਿੰਘ ਆਦਿ ਹਾਜ਼ਰ ਸਨ।

ਬਾਬਾ ਵਿਸ਼ਵਕਰਮਾ ਦਾ ਜਨਮ ਦਿਹਾੜਾ ਮਨਾਇਆ

ਮਮਦੋਟ (ਹਰਪਾਲ ਸਿੰਘ ਸੋਢੀ)-ਕਲਾਕ੍ਰਿਤੀ ਦੇ ਮਹਾਨ ਰਚਾਇਤਾ ਬਾਬਾ ਵਿਸ਼ਵਕਰਮਾ ਜੀ ਦਾ ਦਾ ਜਨਮ ਦਿਹਾੜਾ ਮਮਦੋਟ ਦੇ ਗੁਰਦੁਆਰਾ ਵਿਸ਼ਵਕਰਮਾ ਸਭਾ ਵਿਖੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰਦੁਆਰਾ ਬਾਬਾ ਵਿਸ਼ਵਕਰਮਾ ਸਭਾ ਵਿਖੇ ਰੱਖੇ ਸਹਿਜ ਪਾਠ ਦੇ ਭੋਗ ਵੀ ਪਾਏ ਗਏ ਅਤੇ ਬਾਬਾ ਦੇ ਜੀਵਨ ਤੇ ਕਲਾਕ੍ਰਿਤੀ ਉੱਪਰ ਚਾਨਣਾ ਪਾਇਆ ਗਿਆ। ਇਸ ਮੌਕੇ ਗੁਰਦੁਆਰਾ ਜਾਮਨੀ ਸਾਹਿਬ ਬਸੀਦਪੁਰ ਤੋਂ ਪਹੁੰਚੇ ਭਾਈ ਨਿਰਵੈਰ ਸਿੰਘ ਕਥਾ ਵਾਚਕ ਕੀਰਤਨੀਏ ਜਥੇ ਕੀਰਤਨ ਤੇ ਗੁਰੂ ਘਰ ਦਾ ਇਤਿਹਾਸ ਸੁਣਾਇਆ। ਇਸ ਤੋਂ ਇਲਾਵਾ ਮਹਿੰਦਰ ਸਿੰਘ ਪਾਰਸ ਕਵੀਸ਼ਰੀ ਜਥੇ ਨੇ ਆਈਆਂ ਸੰਗਤਾਂ ਨੂੰ ਬਾਬਾ ਵਿਸ਼ਵਕਰਮਾ ਜੀ ਦਾ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਉਪਰੰਤ ਗੁਰੂ ਜੀ ਦਾ ਅਤੁੱਟ ਲੰਗਰ ਵੀ ਵਰਤਾਇਆ ਗਿਆ।

ਸ਼ਹੀਦ ਭਾਈ ਦਿਆਲਾ ਜੀ ਸਕੂਲ 'ਚ ਬਾਲ ਦਿਵਸ ਮਨਾਇਆ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਇਲਾਕੇ ਦੇ ਪ੍ਰਸਿੱਧ ਵਿੱਦਿਅਕ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਵਿਖੇ ਬਾਲ ਦਿਵਸ ਮਨਾਇਆ ਗਿਆ, ਜਿਸ 'ਚ ਨਰਸਰੀ ਤੇ ਕਿੰਡਰ-ਗਾਰਡਨ ਦੇ ਲਗਭਗ 180 ਬੱਚਿਆਂ ਨੇ ਹਿੱਸਾ ਲਿਆ ਤੇ ਮਾਪਿਆਂ ਨੇ ਵੀ ਉਤਸ਼ਾਹ ਨਾਲ ਸ਼ਿਰਕਤ ਕੀਤੀ। ਇਸ ਸਮੇਂ ਕੇਂਦਰੀ ਵਿਦਿਆਲਿਆ ਸਲਾਈਟ ਲੌਂਗੋਵਾਲ ਦੇ ਮੈਡਮ ਬਾਈਆ ਤੇ ਬਰਜਿੰਦਰ ਕੁਮਾਰ ਨੇ ਬਤੌਰ ਜੱਜ ਭੂਮਿਕਾ ਅਦਾ ਕੀਤੀ। ਇਸ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਸਕੂਲ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਤੇ ਵਾਈਸ ਪ੍ਰਿੰਸੀਪਲ ਮੈਡਮ ਸੀਮਾ ਠਾਕੁਰ ਨੇ ਇਨਾਮਾਂ ਦੀ ਵੰਡ ਕੀਤੀ। ਇਸ ਮੁਕਾਬਲੇ ਵਿੱਚ ਪਹਿਲੀ ਪੁਜ਼ੀਸ਼ਨ ਈਮਾਨਵੀਰ ਕੌਰ (ਨਰਸਰੀ-ਬੀ), ਸਾਇਰਾ (ਨਰਸਰੀ-ਸੀ) ਤੇ ਅਨੰਤਵੀਰ ਸਿੰਘ (ਨਰਸਰੀ-ਬੀ), ਦੂਜੀ ਪੁਜ਼ੀਸ਼ਨ ਗੁਰਜਸ ਕੌਰ (ਨਰਸਰੀ-ਬੀ), ਸਾਹਿਬਜੋਤ ਸਿੰਘ (ਨਰਸਰੀ-ਸੀ), ਸਮਰਦੀਪ ਸਿੰਘ (ਨਰਸਰੀ-ਡੀ), ਰਿਆਇਸ਼ ਸ਼ਰਮਾ (ਨਰਸਰੀ-ਏ), ਇਸੇ ਤਰ੍ਹਾਂ ਹੀ ਅਮਾਨਤ ਕੌਰ (ਕੇ.ਜੀ-ਡੀ), ਪ੍ਰਭਜੋਤ ਕੌਰ (ਕੇ.ਜੀ.-ਬੀ), ਨਵੀਸ਼ (ਕੇ.ਜੀ.-ਸੀ) ਨੇ ਪਹਿਲੀ ਪੁਜ਼ੀਸ਼ਨ, ਹਰਵਿੰਦਰ ਸਿੰਘ (ਕੇ.ਜੀ.-ਈ), ਗੁਰਸਾਹਿਬ (ਕੇ.ਜੀ.-ਬੀ), ਮਨਵੀਰ ਕੌਰ (ਕੇ.ਜੀ.-ਏ) ਨੇ ਦੂਜੀ ਪੁਜ਼ੀਸ਼ਨ, ਅੰਕੂਜਾ (ਕੇ.ਜੀ-ਡੀ), ਗੁਰਜਾਪ ਸਿੰਘ (ਕੇ.ਜੀ.-ਈ), ਹੁਸਨਪ੍ਰੀਤ ਕੌਰ (ਕੇ.ਜੀ.-ਬੀ) ਨੇ ਤੀਸਰੀ ਪੁਜ਼ੀਸ਼ਨ ਪ੍ਰਾਪਤ ਕੀਤੀ। ਇਸ ਦੌਰਾਨ ਪ੍ਰਿੰਸੀਪਲ ਤੇ ਵਾਈਸ ਪ੍ਰਿੰਸੀਪਲ ਨੇ ਬੱਚਿਆਂ, ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਧੰਨਵਾਦ ਕੀਤਾ।

ਮੰਡੀ ਬਰੀਵਾਲਾ 'ਚ ਵਿਸ਼ਵਕਰਮਾ ਦਿਵਸ ਮਨਾਇਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਮੰਡੀ ਬਰੀਵਾਲਾ ਦੀ ਵਿਸ਼ਵਕਰਮਾ ਧਰਮਸ਼ਾਲਾ ਵਿਖੇ ਬਾਬਾ ਵਿਸ਼ਵਕਰਮਾ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਹਨੀ ਫੱਤਣਵਾਲਾ ਨੇ ਜਿੱਥੇ ਬਾਬਾ ਜੀ ਦੇ ਜੀਵਨ 'ਤੇ ਚਾਨਣਾ ਪਾਇਆ, ਉਥੇ ਇਕੱਤਰ ਹੋਈ ਸੰਗਤ ਨੂੰ ਬਾਬਾ ਜੀ ਦੀ ਜੀਵਨੀ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ ਤੇ ਆਈ ਸੰਗਤ ਦਾ ਤੇ ਕਮੇਟੀ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਕੀਰਤਨੀਏ ਜੱਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਤੇ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜੀ ਬਰਕੰਦੀ, ਮਨਜਿੰਦਰ ਸਿੰਘ ਬਿੱਟੂ, ਸਾਬਕਾ ਚੇਅਰਮੈਨ, ਜਗਵੰਤ ਸਿੰਘ ਲੰਬੀ ਢਾਬ, ਪੂਰਨ ਸਿੰਘ ਲੰਡੇਰੋਡੇ, ਦਿਲਬਾਗ ਸਿੰਘ ਗਿੱਲ, ਇਕਬਾਲ ਸਿੰਘ ਸੰਗੂਧੋਣ, ਬਲਜੀਤ ਸਿੰਘ, ਸਰਿੰਦਰਪਾਲ ਸਿੰਘ, ਮੇਜਰ ਸਿੰਘ ਸੰਧੂ, ਰੌਸ਼ਨ ਲਾਲ ਰੋਸ਼ੀ ਸਮੇਤ ਵੱਡੀ ਗਿਣਤੀ 'ਚ ਸੰਗਤ ਹਾਜ਼ਰ ਸਨ। ਇਸ ਮੌਕੇ ਚਰਨ ਦਾਸ ਚੰਨਾ ਐੱਮ ਸੀ, ਸੰਤੋਸ਼ ਸਿੰਘ, ਬੀਰਾ ਸਿੰਘ, ਸੁਖਮੰਦਰ ਸਿੰਘ ਕਲਸੀ, ਗੁੱਲੂ ਵਰਮਾ ਤੇ ਹੋਰ ਕਮੇਟੀ ਮੈਂਬਰਾਂ ਵੱਲੋਂ ਹਨੀ ਫੱਤਣਵਾਲਾ ਨੂੰ ਸਨਮਾਨਤ ਵੀ ਕੀਤਾ ਗਿਆ।

ਪੰਜਾਬੀ ਲੇਖਕ ਸਭਾ ਨੇ ਵੰਡੇ ਸਨਮਾਨ ਪੱਤਰ

ਸਿਰਸਾ (ਸੁਰਿੰਦਰ ਪਾਲ ਸਿੰਘ)-ਸਰਕਾਰੀ ਕੰਨਿਆ ਨੈਸ਼ਲਲ ਕਾਲਜ ਸਿਰਸਾ ਵਿਖੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪੰਜਾਬੀ ਲੇਖਕ ਸਭਾ ਸਿਰਸਾ ਦੇ ਸਹਿਯੋਗ ਨਾਲ ਸਮਕਾਲ ਤੇ ਪੰਜਾਬੀ ਸਾਹਿਤ ਵਿਸ਼ੇ 'ਤੇ ਪੰਚਾਇਤ ਭਵਨ ਸਿਰਸਾ ਵਿਖੇ ਹੋਏ ਰਾਸ਼ਟਰੀ ਸੈਮੀਨਾਰ ਸਬੰਧੀ ਡਾ: ਹਰਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਰੀਵਿਊ ਮੀਟਿੰਗ ਦਾ ਆਯੋਜਨ ਕੀਤਾ ਗਿਆ। ਸਮਾਗਮ ਦੇ ਸ਼ੁਰੂ ਵਿੱਚ ਡਾ. ਰਵਿੰਦਰ ਗਾਸੋ ਨੂੰ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਇਸ ਉਪਰੰਤ ਸਮੁੱਚੀ ਸਮੀਖਿਆ ਉਪਰੰਤ ਡਾ: ਹਰਵਿੰਦਰ ਸਿਰਸਾ ਵੱਲੋਂ ਸੈਮੀਨਾਰ ਨੂੰ ਸਫ਼ਲ ਬਣਾਉਣ ਲਈ ਸਭਨਾਂ ਧਿਰਾਂ ਪ੍ਰਤੀ ਸ਼ੁਕਰੀਆ ਅਦਾ ਕਰਦਿਆਂ ਅਣਥੱਕ ਘਾਲਣਾ ਘਾਲਣ ਵਾਲੇ ਸਾਥੀਆਂ ਨੂੰ ਸਨਮਾਨ ਪੱਤਰਾਂ ਨਾਲ ਨਿਵਾਜ਼ਿਆ ਗਿਆ। ਸਨਮਾਨ ਪੱਤਰ ਹਾਸਲ ਕਰਨ ਵਾਲਿਆਂ ਵਿੱਚ ਨਵਨੀਤ ਸਿੰਘ ਰੈਣੂ, ਡਾ. ਲਖਵੀਰ ਸਿੰਘ, ਸੁਰਜੀਤ ਸਿੰਘ ਸਿਰੜੀ, ਕੁਲਵੰਤ ਸਿੰਘ, ਹਰਭਜਨ ਸਿੰਘ ਬੇਦੀ, ਡਾ. ਸ਼ੇਰ ਚੰਦ, ਅਨੀਸ਼ ਕੁਮਾਰ, ਦਵਿੰਦਰ ਸਿੰਘ, ਅਰਵੇਲ ਸਿੰਘ ਵਿਰਕ, ਪਰਮਾਨੰਦ ਸ਼ਾਸਤਰੀ, ਡਾ. ਹਰਵਿੰਦਰ ਸਿੰਘ ਸਿਰਸਾ, ਕੁਲਦੀਪ ਸਿਰਸਾ, ਗੁਰਜੀਤ ਸਿੰਘ ਮਾਨ, ਮਾ: ਸੁਰਿੰਦਰ ਪਾਲ ਸਿੰਘ, ਸੁਸ਼ੀਲ ਪੁਰੀ ਤੇ ਨਵਦੀਪ ਸਿੰਘ ਸ਼ਾਮਲ ਸਨ।

ਦੀਵਾਲੀ ਤੇ ਬੰਦੀਛੋੜ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਵਿਖੇ ਦੀਵਾਲੀ ਤੇ ਬੰਦੀਛੋੜ ਦਿਵਸ ਦਾ ਤਿਉਹਾਰ ਲੋਕਾਂ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਤਿਉਹਾਰ ਦੇ ਮੱਦੇਨਜ਼ਰ ਜਿੱਥੇ ਬਜ਼ਾਰਾਂ ਵਿੱਚ ਭਾਰੀ ਰੌਣਕ ਦੇਖਣ ਨੂੰ ਮਿਲੀ, ਉੱਥੇ ਲੋਕਾਂ ਨੇ ਖ਼ੂਬ ਖਰੀਦਦਾਰੀ ਵੀ ਕੀਤੀ। ਸਵੇਰ ਤੋਂ ਹੀ ਬਜ਼ਾਰਾਂ ਵਿੱਚ ਲੋਕਾਂ ਨੇ ਮਠਿਆਈ, ਪਟਾਕੇ ਤੇ ਹੋਰ ਘਰ 'ਚ ਪੂਜਾ ਦੀ ਸਮੱਗਰੀ ਦਾ ਸਾਮਾਨ ਖਰੀਦਿਆ ਅਤੇ ਸ਼ਾਮ ਤੱਕ ਖ਼ਬ ਰੌਣਕ ਰਹੀ। ਦੇਰ ਸ਼ਾਮ ਲੋਕਾਂ ਵੱਲੋਂ ਗੁਰਦੁਆਰਾ ਸਾਹਿਬਾਨਾਂ ਤੇ ਮੰਦਰਾਂ ਵਿੱਚ ਜਾ ਕੇ ਦੀਪਮਾਲਾ ਕਰ ਸੁੱਖ ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਤਿਹਾਸਕ ਗੁਰਦੁਆਰਾ ਚਰਨ ਕੰਵਲ ਸਾਹਿਬ, ਗਨੀ ਖਾਂ ਨਬੀ ਖਾਂ, ਚੁਬਾਰਾ ਸਾਹਿਬ, ਸਿੰਘ ਸਭਾ ਤੋਂ ਇਲਾਵਾ ਦੁਰਗਾ ਸ਼ਕਤੀ ਮੰਦਰ, ਸ੍ਰੀ ਸ਼ਿਵਾਲਾ ਬ੍ਰਹਮਚਾਰੀ ਮੰਦਰ ਤੇ ਰਾਮ ਬਾਗ ਸਮੇਤ ਹੋਰ ਧਾਰਮਿਕ ਅਸਥਾਨਾਂ ਵਿਖੇ ਜਾ ਕੇ ਸ਼ਰਧਾਲੂ ਨਤਮਸਤਕ ਹੋਏ। ਲੋਕਾਂ ਵੱਲੋਂ ਘਰਾਂ 'ਚ ਮਾਂ ਲਕਸ਼ਮੀ ਦੀ ਪੂਜਾ ਕਰ ਘਰ 'ਚ ਸੁੱਖ ਸ਼ਾਂਤੀ ਮੰਗੀ। ਦੀਵਾਲੀ ਦੇ ਪਟਾਖਿਆਂ ਤੋਂ ਕਿਸੇ ਵੀ ਤਰ੍ਹਾਂ ਦੀ ਅੱਗ ਲੱਗਣ ਦੀ ਘਟਨਾ ਸਾਹਮਣੇ ਨਹੀਂ ਆਈ। ਲੋਕਾਂ ਦੀ ਸੁਰੱਖਿਆ ਲਈ ਪੁਲਸ ਪੂਰੀ ਤਰ੍ਹਾਂ ਮੁਸ਼ਤੈਦ ਰਹੀ। ਦੀਵਾਲੀ 'ਤੇ ਸ਼ਾਮ ਨੂੰ ਸ਼ੁਰੂ ਹੋਇਆ ਪਟਾਕਿਆਂ ਦਾ ਦੌਰ ਦੇਰ ਰਾਤ 11 ਵਜੇ ਤੱਕ ਜਾਰੀ ਰਿਹਾ ਤੇ ਅਸਮਾਨ ਰੰਗ-ਬਿਰੰਗੀ ਰੌਸ਼ਨੀ ਨਾਲ ਜਗਮਗਾਉਂਦਾ ਰਿਹਾ।

ਸ਼ਹੀਦੀ ਜੋੜ ਮੇਲ ਸੰਬੰਧੀ ਤਿਆਰੀਆਂ ਦਾ ਲਿਆ ਜਾਇਜ਼ਾ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਨਿਰਮਲ ਸਿੰਘ ਐੱਸ ਐੱਸ ਨੇ ਗੁਰਦੁਆਰਾ ਬਾਬਾ ਮੋਤੀ ਰਾਮ ਮਹਿਰਾ ਵੱਲੋਂ ਸ਼ਹੀਦੀ ਜੋੜ ਮੇਲ 'ਤੇ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲ ਕਰਦਿਆਂ ਚੇਅਰਮੈਨ ਨਿਰਮਲ ਸਿੰਘ ਐੱਸ ਐੱਸ ਨੇ ਦੱਸਿਆ ਕਿ ਸ਼ਹੀਦੀ ਜੋੜ ਮੇਲ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਹਨ, ਜਿਸ ਵਿੱਚ ਲੰਗਰ ਕਮੇਟੀ, ਰਿਹਾਇਸ਼ ਕਮੇਟੀ, ਸਫਾਈ ਕਮੇਟੀ, ਸਟੇਜ ਕਮੇਟੀ ਦੇ ਲਾਏ ਗਏ ਇੰਚਾਰਜਾਂ ਨੇ ਦੱਸਿਆ ਕਿ ਸੰਗਤਾਂ ਲਈ ਸਾਰੇ ਢੁੱਕਵੇਂ ਪ੍ਰਬੰਧ ਹੋ ਗਏ ਹਨ ਅਤੇ ਸ਼ਹੀਦੀ ਜੋੜ ਮੇਲ 'ਤੇ ਦੇਸ ਵਿਦੇਸ ਤੋਂ ਆਈਆਂ ਸੰਗਤਾਂ ਦੀਆਂ ਸਹੂਲਤਾਂ ਦਾ ਖਾਸ ਧਿਆਨ ਰੱਖਿਆ ਜਾਵੇਗਾ। ਚੇਅਰਮੈਨ ਨਿਰਮਲ ਸਿੰਘ ਐੱਸ ਐੱਸ ਨੇ ਕਿਹਾ ਕਿ 26 ਦਸੰਬਰ ਤੋਂ 29 ਦਸੰਬਰ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ ਤੇ ਦੁੱਧ ਦੇ ਲੰਗਰ ਅਤੁੱਟ ਵਰਤਾਏ ਜਾਣਗੇ। ਚੇਅਰਮੈਨ ਨੇ ਗੁਰਦੁਆਰਾ ਸਾਹਿਬ ਵਿਖੇ ਸੇਵਾ ਨਿਭਾਅ ਰਹੇ ਸੇਵਾਦਾਰਾਂ ਨੂੰ ਦੀਵਾਲੀ ਦੀਆਂ ਜਿੱਥੇ ਵਧਾਈਆਂ ਦਿੱਤੀਆਂ, ਉਥੇ ਸਾਰੇ ਸੇਵਾਦਾਰਾਂ ਤੇ ਗ੍ਰੰਥੀ ਸਿੰਘਾਂ ਨੂੰ ਗਿਫਟ ਦੇ ਕੇ ਸਤਿਕਾਰ ਵੀ ਦਿੱਤਾ ਗਿਆ।

ਭਗਵਾਨ ਵਿਸ਼ਵਕਰਮਾ ਦਾ ਪ੍ਰਕਾਸ਼ ਉਤਸਵ ਸ਼ਰਧਾ ਭਾਵਨਾ ਨਾਲ ਮਨਾਇਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਸ੍ਰੀ ਵਿਸ਼ਵਕਰਮਾ ਮੰਦਰ ਵਿਖੇ ਮਹਾਨ ਸ਼ਿਲਪਕਾਰ ਭਗਵਾਨ ਸ੍ਰੀ ਵਿਸ਼ਵਕਰਮਾ ਜੀ ਦੇ ਪ੍ਰਕਾਸ਼ ਉਤਸਵ ਤੇ ਰਾਜ ਤਿਲਕ ਸਬੰਧੀ 71ਵਾਂ ਸਮਾਗਮ ਕਰਵਾਇਆ ਗਿਆ। ਸ੍ਰੀ ਵਿਸ਼ਵਕਰਮਾ ਸਭਾ ਵੱਲੋਂ ਸਥਾਨਕ ਵਿਸ਼ਵਕਰਮਾ ਮੰਦਰ ਵਿੱਚ ਕਰਵਾਏ ਗਏ ਧਾਰਮਿਕ ਸਮਾਰੋਹ ਵਿੱਚ ਤੜਕੇ ਚਾਰ ਵਜੇ ਮੰਦਰ ਵਿੱਚ ਸਥਿਤ ਪਵਿੱਤਰ ਮੂਰਤੀਆਂ ਨੂੰ ਇਸ਼ਨਾਨ ਕਰਵਾਏ ਗਏ ਤੇ ਹਵਨ ਯੱਗ ਵਿੱਚ ਆਹੂਤੀ ਪਾਈ ਗਈ।

ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਸੰਗਤਾਂ ਨੂੰ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ। ਇਸ ਧਾਰਮਿਕ ਸਮਾਰੋਹ ਦੌਰਾਨ ਵੱਖ-ਵੱਖ ਗਾਇਕਾਂ ਵੱਲੋਂ ਵਿਸ਼ਵਕਰਮਾ ਜੀ ਦੀ ਮਹਿਮਾ ਗਾ ਕੇ ਸ਼ਰਧਾਲੂਆਂ ਨੂੰ ਨਿਹਾਲ ਕੀਤਾ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਗਿੱਲ, ਜਗਮੀਤ ਸਿੰਘ ਮੱਕੜ, ਡਾ. ਆਰ. ਕੇ., ਸੰਜੀਵ ਕੁਮਾਰ ਪਾਂਧੀ, ਪ੍ਰਵੀਨ ਮੱਕੜ, ਪੀ ਏ ਰਾਜੇਸ਼ ਬਿੱਟੂ, ਸੁਖਪ੍ਰੀਤ ਸਿੰਘ ਝੜੌਦੀ, ਜਸਦੇਵ ਸਿੰਘ ਰੂੜੇਵਾਲ, ਜਸਦੇਵ ਸਿੰਘ ਟਾਂਡਾ, ਗੁਰਤੇਜ ਸਿੰਘ, ਜਗਜੀਤ ਮਹਿਰਾ ਤੋਂ ਇਲਾਵਾ ਪ੍ਰਬੰਧਕਾਂ 'ਚ ਲਕਸ਼ਮੀ ਨਰਾਇਣ, ਦੇਸਰਾਜ ਲੀਹਲ, ਪ੍ਰੇਮ ਚੰਦ ਲੀਹਲ, ਗੁਰਮਿੱਤਰ ਸਿੰਘ, ਧਰਮਪਾਲ ਲੀਹਲ, ਤਰਸੇਮ ਲਾਲ ਅਢਿਆਣਾ, ਨਰਿੰਦਰਪਾਲ ਸਿੰਘ, ਅਸ਼ੋਕ ਕੁਮਾਰ (ਸਾਰੇ ਸਰਪ੍ਰਸਤ), ਪ੍ਰਧਾਨ ਗੁਰਚਰਨ ਸਿੰਘ, ਗੁਰਦਰਸ਼ਨ ਸਿੰਘ ਲੀਹਲ ਸੀਨੀਅਰ ਉਪ ਪ੍ਰਧਾਨ, ਗੁਰਦਿੱਤ ਕੁਮਾਰ ਉਪ ਪ੍ਰਧਾਨ, ਰਾਜ ਕੁਮਾਰ ਸਹਾਰਨ ਜਨਰਲ ਸਕੱਤਰ, ਜੀਵਨ ਕੁਮਾਰ ਲੀਹਲ ਸਹਾਇਕ ਸਕੱਤਰ, ਹਰਪ੍ਰੀਤ ਸਿੰਘ ਕੈਸ਼ੀਅਰ, ਰਾਕੇਸ਼ ਕੁਮਾਰ ਸਹਾਰਨ ਸਹਾਇਕ ਕੈਸ਼ੀਅਰ, ਦਲਵੀਰ ਚੰਦ ਸਟੋਰ ਇੰਚਾਰਜ਼, ਸੰਜੀਵ ਕੁਮਾਰ ਮੈਣ ਸਹਾਇਕ ਸਟੋਰ ਇੰਚਾਰਜ਼, ਮੋਹਣ ਲਾਲ ਮੇਲਾ ਇੰਚਾਰਜ਼, ਦੇਸ ਰਾਜ ਮਾਹਲ, ਬਿਲਡਿੰਗ ਇੰਚਾਰਜ, ਸੁਖਦੇਵ ਰਾਜ ਧੀਰ, ਦੀਪਕ ਕੁਮਾਰ ਲੀਹਲ, ਗੁਰਵਿੰਦਰਪਾਲ, ਦਰਸ਼ਨ ਮਾਹਲ, ਸਤਪਾਲ ਲੀਹਲ, ਕਰਮਜੀਤ ਪੰਜੇਟਾ, ਕਰਨੈਲ ਸਿੰਘ, ਅਸ਼ੋਕ ਕੁਮਾਰ ਹਾਜ਼ਰ ਸਨ।

ਗਿਆਨੀ ਕੁੰਦਨ ਸਿੰਘ ਪਤੰਗ ਦੇ ਪਰਵਾਰ ਨੂੰ ਢੁੱਕਵਾਂ ਮਾਣ-ਸਤਿਕਾਰ ਦੇਣ ਦੀ ਮੰਗ ਉਠੀ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਦਰਵੇਸ਼ ਸਿਆਸਤਦਾਨ ਮਰਹੂਮ ਗਿਆਨੀ ਕੁੰਦਨ ਸਿੰਘ ਪਤੰਗ ਸਾਬਕਾ ਸਿਹਤ ਰਾਜ ਮੰਤਰੀ ਦੇ ਗ੍ਰਹਿ ਪਿੰਡ ਸਹਿਜੜਾ

15-Nov-PAGE-11--Majha-23.qxd 11/14/2023 11:00 PM Page 1

80 ਪਿੰਡਾਂ ਦੀ ਉਪਜਾਊ ਜ਼ਮੀਨ ਨੂੰ ਰੈੱਡ ਜ਼ੋਨ ਇੰਡਸਟਰੀਅਲ ਏਰੀਆ ਨਹੀਂ ਬਣਨ ਦਿਆਂਗੇ: ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੀ ਕੋਰ ਕਮੇਟੀ ਦੀ ਮੀਟਿੰਗ ਪਿੰਡ ਭੁੰਬਲੀ ਵਿੱਚ ਹੋਈ। ਮੀਟਿੰਗ ਦੌਰਾਨ ਜ਼ੋਨ ਬੁਰਜ ਸਾਹਿਬ ਦੇ ਹਰਚਰਨ ਸਿੰਘ ਧਾਰੀਵਾਲ ਕਲਾਂ, ਸਕੱਤਰ ਸਤਨਾਮ ਸਿੰਘ ਖਾਨਮਲੱਕ ਆਦਿ ਆਗੂਆਂ ਨੇ ਵੱਖ ਵੱਖ ਮੁੱਦਿਆਂ ਤੇ ਵਿਚਾਰਾਂ ਚਰਚਾ ਕਰਦਿਆਂ ਕਿਹਾ ਕਿ ਜੱਥੇਬੰਦੀ ਕਿਸਾਨ ਮਜ਼ਦੂਰ, ਦੁਕਾਨਦਾਰ ਤੇ ਮੁਲਾਜ਼ਮ ਆਦਿ ਸਾਰਿਆਂ ਨੂੰ ਬਰਾਬਰਤਾ ਦਾ ਸਤਿਕਾਰ ਦਿੰਦੀ ਹੈ। ਉਨ੍ਹਾਂ ਕਿਹਾ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਮਿਲੀ ਭੁਗਤ ਨਾਲ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਫੈਸਲੇ ਲੈ ਰਹੀਆਂ ਹਨ ਅਤੇ ਸੂਬਾ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਦੇ ਧਾਰੀਵਾਲ ਇਲਾਕੇ ਵਿੱਚੋਂ ਲੰਘਦੇ ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇ ਦੇ ਆਸ ਪਾਸ ਲਗਭਗ 80 ਪਿੰਡਾਂ ਦੀਆਂ ਉਪਜਾਊ ਜ਼ਮੀਨਾਂ ਨੂੰ ਰੈੱਡ ਜ਼ੋਨ ਇੰਡਸਟਰੀਅਲ ਏਰੀਆ ਐਲਾਨ ਲਈ ਸਰਕਾਰਾਂ ਤਿਆਰੀਆਂ ਕਰ ਰਹੀਆਂ ਹਨ। ਸਰਕਾਰਾਂ ਦੇ ਇਨ੍ਹਾਂ ਪਿੰਡਾਂ ਨੂੰ ਉਜਾੜਨ ਵਾਲੇ ਇਸ ਫੈਸਲੇ ਦਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਡੱਟ ਕੇ ਵਿਰੋਧ ਕਰਦੀ ਹੈ ਅਤੇ ਇਸ ਫੈਸਲੇ ਨੂੰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਸਰਕਾਰਾਂ ਵਲੋਂ ਮਿਲੀ ਭੁਗਤ ਨਾਲ ਪੰਜਾਬ ਨੂੰ ਬਰਬਾਦੀ ਵੱਲ ਲਿਜਾਣ ਦੀਆਂ ਨੀਤੀਆਂ ਬੁਣੀਆਂ ਜਾ ਰਹੀਆਂ ਹਨ। ਪੰਜਾਬ ਅੰਦਰ ਨਸ਼ਿਆਂ ਦਾ ਬੋਲਬਾਲਾ, ਦਿਨ ਦਿਹਾੜੇ ਪਿੰਡ ਤੇ ਸ਼ਹਿਰਾਂ ਵਿੱਚ ਚੋਰੀਆਂ, ਲੁੱਟਾਂ ਖੋਹਾਂ ਆਦਿ ਜ਼ੋਰਾਂ ਤੇ ਹਨ। ਪਰ ਸਰਕਾਰਾਂ ਜਾਣਬੁੱਝ ਕੇ ਅੱਖਾਂ ਤੇ ਕੰਨ ਬੰਦ ਕਰੀ ਬੈਠੀਆਂ ਹਨ। ਉਨ੍ਹਾਂ ਮੰਗ ਕੀਤੀ ਹੈ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਲਈ ਪੰਜਾਬ ਨੂੰ ਤਬਾਹੀ ਵੱਲ ਧੱਕਣ ਵਾਲੇ ਫੈਸਲੇ ਰੱਦ ਕੀਤੇ ਜਾਣ, ਡਾ: ਸਵਾਮੀ ਨਾਥਨ ਦੀ ਰਿਪੋਰਟ ਲਾਗੂ ਕੀਤੀ ਜਾਵੇ, ਨਸ਼ਿਆਂ ਤੇ ਪੂਰਾ ਸ਼ਿਕੰਜਾ ਕੱਸਿਆ ਜਾਵੇ ਆਦਿ ਸਣੇ ਹੋਰ ਮੰਗਾਂ ਮਸਲੇ ਜਲਦੀ ਹੱਲ ਕੀਤੇ ਜਾਣ। ਕਿਸਾਨ ਆਗੂਆਂ ਚਿਤਾਵਨੀ ਦਿੰਦਿਆਂ ਕਿਹਾ ਜੇਕਰ ਸਰਕਾਰਾਂ ਨੇ ਉੱਕਤ ਮੰਗਾਂ ਮਸਲੇ ਹੱਲ ਨਾ ਕੀਤੇ ਤਾਂ ਜਲਦ ਹੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵਲੋਂ ਭਰਾਤਰੀ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਸਾਂਝਾ ਲੰਬਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਕਮੇਟੀ ਆਗੂ ਸ਼ਾਮ ਸਿੰਘ ਤੇ ਅਜੀਤ ਸਿੰਘ ਗਿੱਲਮੰਝ, ਅਮਰੀਕ ਸਿੰਘ ਤੇ ਦਵਿੰਦਰ ਸਿੰਘ ਲੋਧੀਪੁਰ, ਸਰੂਪ ਸਿੰਘ ਅਲਾਵਲਪੁਰ, ਗੁਰਪ੍ਰੀਤ ਸਿੰਘ ਭੁੰਬਲੀ, ਹਰਵਿੰਦਰ ਸਿੰਘ ਤਲਵੰਡੀ ਆਦਿ ਵੀ ਹਾਜ਼ਰ ਸਨ।

'ਉਡਾਨ' ਵੱਲੋਂ ਸਰਕਾਰੀ ਸਕੀਮਾਂ ਸੰਬੰਧੀ ਜਾਣਕਾਰੀ ਦੇਣ ਲਈ ਸੈਮੀਨਾਰ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਡਾ: ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਯੂਨੀਵਰਸਲ ਡਿਵੈਲਪਮੈਂਟ ਐਂਡ ਅਵੇਅਰਨੈਸ ਆਫ ਨੇਸ਼ਨ (ਉਡਾਨ) ਵੱਲੋਂ ਲੋਕਾਂ ਨੂੰ ਸਰਕਾਰੀ ਸਕੀਮਾਂ ਸਬੰਧੀ ਜਾਣਕਾਰੀ ਦੇਣ ਲਈ ਕਲਾਨੌਰ ਖੇਤਰ ਵਿੱਚ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿੱਚ ਉਡਾਨ ਦੇ ਨੁਮਾਇੰਦਿਆਂ ਨੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਗੁਰਦਾਸਪੁਰ ਦੇ ਸਹਿਯੋਗ ਨਾਲ ਵਿਸ਼ੇਸ਼ ਸਟਾਲ ਲਗਾ ਕੇ ਲੋਕਾਂ ਨੂੰ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਉਡਾਨ ਰਾਹੀਂ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਬੱਚਿਆਂ, ਔਰਤਾਂ, ਬਜ਼ੁਰਗਾਂ ਅਤੇ ਅੰਗਹੀਣਾਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਲੋਕਾਂ ਨੂੰ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਵੀ ਕੀਤਾ ਗਿਆ। ਇਸ ਮੌਕੇ ਉਡਾਨ ਦੇ ਚੇਅਰਮੈਨ ਬਲਜੀਤ ਸਿੰਘ, ਸਕੱਤਰ ਗਗਨਦੀਪ ਸਿੰਘ ਅਤੇ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

ਮਾਈਕਰੋ ਫਾਈਨਾਂਸ ਕੰਪਨੀਆਂ ਗਰੀਬ ਪਰਵਾਰਾਂ ਤੋਂ ਕਰਜ਼ੇ ਦੀਆਂ ਜਬਰੀ ਕਿਸ਼ਤਾਂ ਲੈਣੀਆਂ ਬੰਦ ਕਰਨ: ਸੋਹਲ, ਬਖਤਪੁਰਾ

ਬਟਾਲਾ (ਤਰਲੋਕ ਬੱਗਾ)-ਇੱਥੇ ਸੁੱਖਾ ਸਿੰਘ ਮਹਿਤਾਬ ਸਿੰਘ ਪਾਰਕ ਵਿਖੇ ਮਜ਼ਦੂਰ ਮੁਕਤੀ ਮੋਰਚਾ ਅਤੇ ਸੀਪੀਆਈ ਐੱਮਐੱਲ ਲਿਬਰੇਸ਼ਨ ਦੀ ਅਗਵਾਈ ਵਿੱਚ ਮਾਈਕਰੋ ਫਾਈਨਾਂਸ ਕੰਪਨੀਆਂ ਦੇ ਕਰਜ਼ਾ ਪੀੜਤਾਂ ਨੇ ਰੈਲੀ ਕਰਕੇ ਰੋਹਪੂਰਵਕ ਪ੍ਰਦਰਸ਼ਨ ਕੀਤਾ ਅਤੇ ਐੱਸਡੀਐੱਮ ਬਟਾਲਾ ਨੂੰ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਦਿੱਤਾ। ਇਸ ਸਮੇਂ ਬੋਲਦਿਆਂ ਮੋਰਚੇ ਦੇ ਸੂਬਾ ਆਗੂ ਗੁਲਜ਼ਾਰ ਸਿੰਘ ਭੁੰਬਲੀ, ਵਿਜੇ ਕੁਮਾਰ ਸੋਹਲ, ਦਲਬੀਰ ਭੋਲਾ ਮਲਕਵਾਲ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਮਾਨ ਸਰਕਾਰ ਚੋਣਾਂ ਦੌਰਾਨ ਕਰਜ਼ੇ ਮੁਆਫ ਕਰਨ ਦੀ ਗਰੰਟੀ ਅਨੁਸਾਰ ਮਜ਼ਦੂਰਾਂ ਵਲੋਂ ਮਾਈਕਰੋ ਫਾਈਨਾਂਸ ਕੰਪਨੀਆਂ ਦੇ ਲਏ ਕਰਜ਼ਿਆਂ ਦਾ ਭਾਰ ਆਪਣੇ ਜ਼ੁੰਮੇ ਲਵੇ ਕਿਉਂਕਿ ਕਰਜ਼ਾ ਧਾਰਕ ਪਰਿਵਾਰ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਤੋਂ ਅਸਮਰਥ ਹਨ। ਸਰਕਾਰ ਦੁਆਰਾ ਕੋਈ ਪੱਕਾ ਰੁਜ਼ਗਾਰ ਨਾਂ ਦੇਣ ਦੀ ਸੂਰਤ ਵਿੱਚ ਪੀੜਤਾਂ ਵਲੋਂ ਕਰਜ਼ੇ ਦੀਆਂ ਕਿਸ਼ਤਾਂ ਦੇਣੀਆਂ ਸੰਭਵ ਹੀ ਨਹੀਂ। ਭਾਵੇਂ ਕੇਂਦਰ ਸਰਕਾਰ ਵਲੋਂ ਮਨਰੇਗਾ ਰੋਜ਼ਗਾਰ ਸਕੀਮ ਚਲਾਈ ਹੋਈ ਹੈ ਪਰ ਪੰਜਾਬ ਵਿਚ ਭਿਰਸ਼ਟਾਚਾਰ ਅਤੇ ਪ੍ਰਸ਼ਾਸਨ ਦੀਆਂ ਕੋਤਾਹੀਆਂ ਕਰਕੇ 20ਫੀਸਦੀ ਗਰੀਬਾਂ ਨੂੰ ਵੀ ਮਨਰੇਗਾ ਰੋਜ਼ਗਾਰ ਮੁਹੱਈਆ ਨਹੀਂ ਹੁੰਦਾ ਜਿਸ ਮਜਬੂਰੀ ਕਾਰਨ ਮਾਈਕਰੋ ਫਾਈਨਾਂਸ ਕੰਪਨੀਆਂ ਨੇ ਗਰੀਬ ਪਰਿਵਾਰਾਂ ਨੂੰ ਮੋਟੀਆਂ ਵਿਆਜ ਦਰਾਂ ਦੇ ਕਰਜ਼ੇ ਵਿੱਚ ਫਸਾ ਰਖਿਆ ਹੈ। ਮਜ਼ਦੂਰ ਆਗੂਆਂ ਕੰਪਨੀਆਂ ਦੇ ਕਰਿੰਦਿਆਂ ਉਪਰ ਜਬਰੀ ਕਿਸ਼ਤਾਂ ਦੀ ਉਗਰਾਹੀ ਕਰਨ ਦਾ ਦੋਸ਼ ਲਾਉਂਦਿਆਂ ਕੰਪਨੀਆਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਜਬਰੀ ਕਿਸ਼ਤਾਂ ਲੈਣੀਆਂ ਬੰਦ ਨਾ ਕੀਤੀਆਂ ਗਈਆਂ ਤਾਂ ਮੋਰਚਾ ਕੰਪਨੀਆਂ ਦੇ ਦਫਤਰਾਂ ਦਾ ਘਿਰਾਓ ਕਰੇਗਾ। ਆਗੂਆਂ ਇਨ੍ਹਾਂ ਕੰਪਨੀਆਂ ਤੇ ਦੋਸ਼ ਲਾਉਂਦਿਆਂ ਕਿਹਾ ਕਿ ਕਰਜ਼ੇ ਵਿੱਚ ਦਿੱਤੀ ਜਾ ਰਹੀ ਰਕਮ ਵੱਡੇ ਵੱਡੇ ਰਾਜਨੀਤੀਵਾਨਾਂ ਅਤੇ ਅਮੀਰਾਂ ਦਾ ਕਾਲਾ ਧਨ ਹੈ ਜਿਸ ਬਾਬਤ ਸਰਕਾਰ ਨੂੰ ਜਾਂਚ ਕਰਨੀ ਚਾਹੀਦੀ ਹੈ। ਰੈਲੀ ਵਿਚ ਇਹ ਵੀ ਮੰਗ ਕੀਤੀ ਗਈ ਕਿ ਮਾਨ ਸਰਕਾਰ ਮਾਰਚ 2022 ਤੋਂ ਔਰਤਾਂ ਨੂੰ 1000 ਰੁਪਏ ਮਹੀਨਾ ਸਹਾਇਤਾ ਦੇਣ ਦੀ ਗਰੰਟੀ ਬਕਾਇਆ ਸਮੇਤ ਲਾਗੂ ਕਰੇ। ਰੈਲੀ ਨੇ ਮਤਾ ਪਾਸ ਕੀਤਾ ਕਿ ਸਰਕਾਰ ਆਪਣੀ ਚੋਣ ਗਰੰਟੀ ਅਨੁਸਾਰ ਨਸ਼ਿਆਂ ਨੂੰ ਖਤਮ ਕਰਨ ਲਈ ਜ਼ਮੀਨੀ ਪੱਧਰ ਤੇ ਕਾਰਵਾਈ ਕਰੇ।

ਇਹ ਵੀ ਮਤਾ ਪਾਸ ਕੀਤਾ ਗਿਆ ਕਿ ਕਰੀਬ ਬੀਤੇ 38 ਦਿਨਾਂ ਤੋਂ ਇਜ਼ਰਾਈਲ ਦੁਆਰਾ ਫਲਸਤੀਨੀਆਂ ਦੀ ਨਸਲਕੁਸ਼ੀ ਕਰਨ ਵਰਗੀ ਜੰਗ ਬੰਦ ਕਰੇ ਅਤੇ ਯੂਐੱਨਓ ਫਲਸਤੀਨੀਆਂ ਨੂੰ ਆਪਣਾ ਦੇਸ਼ ਬਣਾਉਣ ਲਈ ਜ਼ਮੀਨ ਮੁਹੱਈਆ ਕਰਨ ਦਾ ਰੋਲ ਅਦਾ ਕਰੇ। ਇਸ ਸਮੇਂ ਕੁਲਦੀਪ ਰਾਜੂ, ਅਮਰਜੀਤ ਮਸਾਣੀਆਂ, ਕਸ਼ਮੀਰ ਕੌਰ ਸੰਦਲੀ, ਛਿਦਰ ਤਲਵੰਡੀ ਭਰਥ, ਚਰਨਜੀਤ ਕੌਰ ਮਤੇਨੰਗਲ, ਬੀਰੋ ਉਦੋਕੇ, ਹਰਪ੍ਰੀਤ ਉਦੋਂ ਕੇ, ਕੁਲਵਿੰਦਰ ਕੌਰ ਮਹੇਸ਼ ਡੋਗਰ ਅਤੇ ਸੋਨੀ ਭਾਮ ਹਾਜ਼ਰ ਸਨ।

7 ਰੋਜ਼ਾ ਟੂਰਨਾਮੈਂਟ 'ਚ ਖਾਲਸਾ ਕਾਲਜ ਵੱਲੋਂ ਸ਼ਾਨਦਾਰ ਪ੍ਰਦਰਸ਼ਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਵਿਖੇ 7 ਰੋਜ਼ਾ ਵੱਖ-ਵੱਖ ਖੇਡ ਮੁਕਾਬਲਾ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ ਹੋ ਗਿਆ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਦੇ ਸਹਿਯੋਗ ਨਾਲ ਕਰਵਾਏ ਇੰਨ੍ਹਾਂ ਮੁਕਾਬਲਿਆਂ 'ਚ ਖ਼ਾਲਸਾ ਸੰਸਥਾਵਾਂ ਦਰਮਿਆਨ ਕ੍ਰਿਕਟ, ਬਾਸਕਟਬਾਲ, ਬੈਡਮਿੰਟਨ, ਵਾਲੀਬਾਲ, ਟੱਗ-ਆਫ-ਵਾਰ ਅਤੇ ਅਥਲੈਟਿਕਸ ਆਦਿ ਨੂੰ ਮੁੱਖ ਰੂਪ 'ਚ ਸ਼ਾਮਿਲ ਕੀਤਾ ਗਿਆ। ਉਕਤ 7 ਰੋਜ਼ਾ ਦੀਵਾਲੀ ਟੂਰਨਾਮੈਂਟ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਡਾਇਰੈਕਟਰ ਸਪੋਰਟਸ ਕੰਵਰ ਮਨਦੀਪ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਆਏ ਮਹਿਮਾਨਾਂ ਅਤੇ ਬਾਹਰੀ ਟੀਮਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਨੇਜਮੈਂਟ ਦੀ ਦੂਰ ਅੰਦੇਸ਼ੀ ਸਦਕਾ ਕਾਲਜ ਚੰਗੇ ਖਿਡਾਰੀਆਂ ਨੂੰ ਹੋਸਟਲ ਰਿਹਾਇਸ਼, ਪੜਾਈ ਦੀ ਫ਼ੀਸ ਅਤੇ ਫੂਡ ਫ੍ਰੀ ਮੁਹੱਈਆ ਕਰਵਾਉਂਦਾ ਹੈ ਜਿਸ ਦਾ ਖਿਡਾਰੀ ਵੱਡੇ ਪੱਧਰ 'ਤੇ ਲਾਭ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਕਾਲਜ ਵਿਖੇ ਦੀਵਾਲੀ ਨੂੰ ਸਮਰਪਿਤ ਉਕਤ ਖੇਡ ਮੁਕਾਬਲੇ ਕਰਵਾਏ ਗਏ ਸਨ। ਇਸ ਮੌਕੇ ਸ: ਢਿੱਲੋਂ ਨੇ ਵਿਦਿਆਰਥੀਆਂ ਨੂੰ ਮਿਲਵਰਤਣ ਦੀ ਭਾਵਨਾ ਨਾਲ ਮੁਕਾਬਲਿਆਂ 'ਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦਿਆਂ ਕਿਹਾ ਕਿ ਵਿਦਿਆਰਥੀ ਜੀਵਨ 'ਚ ਖੇਡਾਂ ਅਹਿਮ ਯੋਗਦਾਨ ਪਾਉਂਦਿਆਂ ਹਨ। ਉਨ੍ਹਾਂ ਕਿਹਾ ਕਿ ਖੇਡਾਂ 'ਚ ਸਰੀਰਿਕ ਤੰਦਰੁਸਤੀ ਪ੍ਰਦਾਨ ਕਰਨ ਨਾਲ ਬੱਚਿਆਂ ਦੇ ਭਵਿੱਖ ਨੂੰ ਵੀ ਸੰਵਾਰਨ 'ਚ ਆਪਣਾ ਅਹਿਮ ਰੋਲ ਅਦਾ ਕਰਦੀਆਂ ਹਨ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਕਿਹਾ ਕਿ ਉਕਤ ਮੁਕਾਬਲਿਆਂ ਦੌਰਾਨ ਬਾਸਕਟਬਾਲ (ਲੜਕਿਆਂ) ਦੇ ਮੁਕਾਬਲੇ 'ਚ ਖ਼ਾਲਸਾ ਕਾਲਜ ਅੰਮ੍ਰਿਤਸਰ ਜੇਤੂ ਰਿਹਾ। ਜਦਕਿ ਖ਼ਾਲਸਾ ਕਾਲਜ ਆਫ ਵੈਟਨਰੀ ਸਾਇੰਸ ਫਸਟ ਰਨਰਅੱਪ ਅਤੇ ਖ਼ਾਲਸਾ ਕਾਲਜ ਆਫ ਫਾਰਮੇਸੀ ਸੈਕਿੰਡ ਰਨਰਅੱਪ ਰਹੇ। ਬਾਸਕਟਬਾਲ (ਲੜਕੀਆਂ) ਦੇ ਮੁਕਾਬਲੇ 'ਚ ਖ਼ਾਲਸਾ ਕਾਲਜ ਆਫ ਫਿਜੀਕਲ ਐਜੂਕੇਸ਼ਨ ਜੇਤੂ ਰਿਹਾ, ਜਦਕਿ ਖ਼ਾਲਸਾ ਕਾਲਜ ਫਾਰ ਵਿਮਨ ਫਸਟ ਰਨਰਅੱਪ ਅਤੇ ਖ਼ਾਲਸਾ ਕਾਲਜ ਆਫ ਵੈਟਰਨਰੀ ਸਾਇੰਸ ਸੈਕਿੰਡ ਰਨਰਅੱਪ ਰਿਹਾ। ਬੈਡਮਿੰਟਨ ਦੇ ਮੁਕਾਬਲਿਆਂ 'ਚ ਲੜਕਿਆਂ ਦੀਆਂ ਟੀਮਾਂ 'ਚੋਂ ਖ਼ਾਲਸਾ ਕਾਲਜ ਜੇਤੂ ਰਿਹਾ, ਜਦਕਿ ਖ਼ਾਲਸਾ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ ਫਸਟ ਰਨਰਅੱਪ ਰਿਹਾ ਅਤੇ ਖ਼ਾਲਸਾ ਕਾਲਜ ਆਫ ਨਰਸਿੰਗ ਸੈਕਿੰਡ ਰਨਰਅੱਪ ਰਿਹਾ। ਇਸੇ ਤਰ੍ਹਾਂ ਬੈਡਮਿੰਟਨ ਲੜਕੀਆਂ 'ਚੋਂ ਖ਼ਾਲਸਾ ਕਾਲਜ ਆਫ਼ ਵੈਟਰਨਰੀ ਸਾਇੰਸ ਜੇਤੂ ਰਿਹਾ, ਜਦਕਿ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਫ਼ਸਟ ਰਨਰਅੱਪ ਅਤੇ ਖ਼ਾਲਸਾ ਕਾਲਜ ਆਫ਼ ਫਿਜੀਕਲ ਐਜੂਕੇਸ਼ਨ ਸੈਕਿੰਡ ਰਨਰਅੱਪ ਰਿਹਾ। ਇਨ੍ਹਾਂ ਮੁਕਾਬਲਿਆਂ 'ਚ ਵਾਲੀਵਾਲ (ਲੜਕਿਆਂ) 'ਚੋਂ ਖ਼ਾਲਸਾ ਕਾਲਜ ਜੇਤੂ ਰਿਹਾ, ਖ਼ਾਲਸਾ ਕਾਲਜ, ਮੋਹਾਲੀ ਫਸਟ ਰਨਰਅੱਪ ਅਤੇ ਖ਼ਾਲਸਾ ਕਾਲਜ ਆਫ ਫਾਰਮੇਸੀ ਸੈਕਿੰਡ ਰਨਰਅੱਪ ਰਿਹਾ। ਕ੍ਰਿਕੇਟ ਲੜਕਿਆਂ ਦੇ ਮੁਕਾਬਲੇ 'ਚ ਖ਼ਾਲਸਾ ਕਾਲਜ ਜੇਤੂ ਰਿਹਾ, ਜਦੋਂ ਕਿ ਖ਼ਾਲਸਾ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ ਫਸਟ ਰਨਰਅੱਪ ਅਤੇ ਖ਼ਾਲਸਾ ਕਾਲਜ ਮੋਹਾਲੀ ਸੈਕਿੰਡ ਰਨਰਅੱਪ ਰਹੇ। ਇਸ ਮੌਕੇ ਸ: ਢਿੱਲੋਂ ਨੇ ਪ੍ਰਿੰ: ਡਾ. ਮਹਿਲ ਸਿੰਘ ਨਾਲ ਮਿਲ ਕੇ ਜੇਤੂ ਟੀਮਾਂ ਨੂੰ ਟਰਾਫ਼ੀਆਂ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਦੇ ਸਪੋਰਟਸ ਵਿਭਾਗ ਦੇ ਮੁੱਖੀ ਡਾ. ਦਲਜੀਤ ਸਿੰਘ ਨੇ ਕਿਹਾ ਕਿ ਇਹ ਦੀਵਾਲੀ ਟੂਰਨਾਮੈਂਟ ਖ਼ਾਲਸਾ ਕਾਲਜ ਦੀ ਵੱਖਰੀ ਪਹਿਚਾਣ ਬਣ ਚੁੱਕਾ ਹੈ। ਇਸ ਮੌਕੇ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਜੀ. ਟੀ. ਰੋਡ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ, ਖ਼ਾਲਸਾ ਕਾਲਜ ਆਫ਼ ਲਾਅ ਪ੍ਰਿੰਸੀਪਲ ਡਾ. ਜਸਪਾਲ ਸਿੰਘ, ਖ਼ਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਸ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ, ਖ਼ਾਲਸਾ ਕਾਲਜ ਚਵਿੰਡਾ ਦੇਵੀ ਪ੍ਰਿੰਸੀਪਲ ਪ੍ਰੋ: ਗੁਰਦੇਵ ਸਿੰਘ, ਖ਼ਾਲਸਾ ਕਾਲਜ ਆਫ਼ ਨਰਸਿੰਗ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਆਦਿ ਤੋਂ ਇਲਾਵਾ ਅਧਿਆਪਕ ਅਤੇ ਵਿਦਿਆਰਥੀ ਵੱਡੀ ਗਿਣਤੀ 'ਚ ਹਾਜ਼ਰ ਸਨ।

ਬਾਲ ਦਿਵਸ 'ਤੇ ਟੀਸੀ ਇੰਟਰਨੈਸ਼ਨਲ ਸਕੂਲ 'ਚ ਫੈਂਸੀ ਡਰੈੱਸ ਮੁਕਾਬਲਾ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਸਥਾਨਕ ਬਹਿਰਾਮਪੁਰ ਰੋਡ ਤੇ ਸਥਿਤ ਟੀ. ਸੀ. ਇੰਟਰਨੈਸ਼ਨਲ ਸਕੂਲ ਵਿਖੇ ਚੇਅਰਮੈਨ ਰਵਿੰਦਰ ਸ਼ਰਮਾ ਦੀ ਅਗਵਾਈ ਹੇਠ ਬਾਲ ਦਿਵਸ ਧੂਮ-ਧਾਮ ਨਾਲ ਮਨਾਇਆ ਗਿਆ। ਬਾਲ ਦਿਵਸ ਮਨਾਉਣ ਦਾ ਮਕਸਦ ਬੱਚਿਆਂ ਨੂੰ ਬਾਲ ਦਿਵਸ ਦੀ ਮਹੱਤਤਾ ਅਤੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਬੱਚਿਆਂ ਪ੍ਰਤੀ ਪਿਆਰ ਬਾਰੇ ਦੱਸਣਾ ਸੀ। ਪ੍ਰੋਗਰਾਮ ਦੌਰਾਨ ਸਕੂਲ ਦੇ ਵਿਹੜੇ ਵਿੱਚ ਬੱਚਿਆਂ ਵਿਚਕਾਰ ਫੈਂਸੀ ਡਰੈੱਸ ਮੁਕਾਬਲਾ ਕਰਵ

15-Nov-PAGE- 12 qxd.qxd 11/14/2023 11:09 PM Page 1

ਗੌ. ਪ੍ਰਾ. ਸਕੂਲ ਡਮੁੰਡਾ 'ਚ ਪੀਣ ਵਾਲੇ ਪਾਣੀ ਦੇ ਬੋਰ ਦੀ ਆਰੰਭਤਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਅਮਰ ਕੌਰ ਚਰਨ ਕੌਰ ਵੈੱਲਫੇਅਰ ਸੁਸਾਇਟੀ (ਰਜਿ) ਭੁੰਗਰਨੀ, ਜਿਸ ਦੇ ਸਰਪ੍ਰਸਤ ਡਾ.ਹਰਦੇਵ ਸਿੰਘ ਪਰਹਾਰ ,ਜਸਵਿੰਦਰ ਕੌਰ ਪਰਹਾਰ ਹਨ, ਵੱਲੋਂ ਗੌ. ਪ੍ਰਾ. ਸਕੂਲ ਡਮੁੰਡਾ ਵਿਖੇ ਪਾਣੀ ਦੀ ਕਿੱਲਤ ਨੂੰ ਦੇਖਦਿਆਂ ਬੋਰ ਦਾ ਕੰਮ ਸ਼ੁਰੂ ਕਰਵਾਇਆ ਗਿਆ। ਅਵਤਾਰ ਸਿੰਘ ਮਿਨਹਾਸ ਵੱਲੋਂ ਵੀ ਪੱਚੀ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਭੇਜੀ ਗਈ । ਜਿਸਦਾ ਨਗਰ ਨਿਵਾਸੀਆਂ ਅਤੇ ਸਕੂਲ ਦੇ ਸਟਾਫ ਵੱਲੋਂ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ ਅਤੇ ਆਏ ਸੁਸਾਇਟੀ ਮੈਂਬਰਾਂ ਅਤੇ ਪਿੰਡ ਦੇ ਪਤਵੰਤਿਆਂ ਨੂੰ ਸਕੂਲ ਦੇ ਸਟਾਫ ਵੱਲੋਂ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਸਾਇਟੀ ਪ੍ਰਧਾਨ ਜਸਵੀਰ ਸਿੰਘ ਮਿਨਹਾਸ ਨੇ ਜਾਣਜਾਰੀ ਦਿੰਦਿਆਂ ਕਿ ਸਕੂਲ ਵਿੱਚ ਬੱਚਿਆਂ ਨੂੰ ਸਾਫ ਸੁੱਥਰੇ ਪਾਣੀ ਦੀ ਕਿੱਲਤ ਲੰਮੇ ਸਮੇਂ ਤੋਂ ਚੱਲ ਰਹੀ ਸੀ।

ਸੁਸਾਇਟੀ ਵਲੋਂ ਮਤਾ ਪਾਸ ਕੀਤਾ ਗਿਆ ਕਿ ਸਕੂਲ ਨੂੰ ਪੀਣ ਵਾਲੇ ਪਾਣੀ ਦਾ ਬੋਰ ਕਰਵਾ ਕੇ ਦਿੱਤਾ ਜਾਵੇ। ਜਿਸ ਦਾ ਉਦਘਾਟਨ ਮਹਾਂਪੁਰਸ ਬਾਬਾ ਹਰਭਜਨ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਂਬਰ ਬਲਵੀਰ ਸਿੰਘ ਤੰਬੜ , ਸਤਨਾਮ ਸਿੰਘ ਪਰਹਾਰ,ਦਿਲਵੀਰ ਸਿੰਘ ਯੂ.ਕੇ. ਹਰਜੀਤ ਸਿੰਘ ਭੱਟੀ,ਗੁਰਮੇਲ ਸਿੰਘ ਡਮੁੰਡਾ, ਮਾ.ਅਬਿਨਾਸੀ ਸਿੰਘ, ਮਲਕੀਤ ਸਿੰਘ ਸਿੱਧੂ ਮੁਹਾਲੀ , ਹੈੱਡ ਮਾਸਟਰ ਸੁਬੇਗ ਸਿੰਘ ਅਤੇ ਸਕੂਲ ਦਾ ਸਮੁੱਚਾ ਸਟਾਫ ਅਤੇ ਨਗਰ ਨਿਵਾਸੀ ਹਾਜਰ ਸਨ।

ਝੋਨੇ ਦੀ ਸਰਕਾਰੀ ਖਰੀਦ 996763 ਕੁਇੰਟਲ

ਫਿਲੌਰ (ਨਿਰਮਲ) ਫਿਲੌਰ ਦਾਣਾ ਮੰਡੀ ਅਤੇ ਇਸ ਦੀਆਂ ਸਹਿਯੋਗੀਆਂ ਮੰਡੀਆਂ ਵਿੱਚ ਹੁਣ ਤੱਕ 996763 ਕੁਇੰਟਲ ਝੋਨੇ ਦੀ ਸਰਕਾਰੀ ਖਰੀਦ ਏਜੰਸੀਆਂ ਪੰਨਸਪ, ਮਾਰਕਫੈਡ, ਪਨਗਰੇਨ, ਵੇਅਰ ਹਾਊਸ ਅਤੇ ਪ੍ਰਾਈਵੇਟ ਵੱਲੋਂ ਕੀਤੀ ਜਾ ਚੁੱਕੀ ਹੈ। ਸੈਕਟਰੀ ਮਾਰਕੀਟ ਕਮੇਟੀ ਫਿਲੌਰ ਸ੍ਰੀ ਮਨਜੀਤ ਸਿੰਘ ਨੇ ਦੱਸਿਆ ਕਿ ਫਿਲੌਰ ਮੰਡੀ ਵਿੱਚ 387452 ਕੁਇੰਟਲ ਅਪਰਾ - 336443 ਲਸਾੜਾ - 161703 ਤੇਹਿੰਗ- 40756 ਅਤੇ ਮਠੱਡਾ ਖੁਰਦ ਵਿੱਚ 60407 ਕੁਇੰਟਲ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਪੰਜਾਬ 'ਚ ਸਿਰਫ ਪੰਜਾਬੀਆਂ ਨੂੰ ਹੀ ਨੌਕਰੀ ਦੇਣ ਨਾਲ ਇੰਦਰਜੀਤ ਵਰਗੇ ਨੌਜਵਾਨਾਂ ਨੂੰ ਮਿਲੇਗਾ ਸਹੀ ਸਨਮਾਨ : ਗੌਰਵ ਰਾਣਾ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)

ਇੰਡੀਆ ਬੁੱਕ ਆਫ ਰਿਕਾਰਡ ਵਿੱਚ ਮੈਕਸੀਮਮ ਪੁੱਲ ਅਪ ਲਗਾਉਣ ਦਾ ਰਿਕਾਰਡ ਤੋੜਨ ਵਾਲੇ ਇੰਦਰਜੀਤ ਸਿੰਘ ਪੁੱਤਰ ਜਸਵੰਤ ਸਿੰਘ ਪਿੰਡ ਮਾਣਕੂ ਮਾਜਰਾ ਦੇ ਜਾਰੀ ਹੋਏ ਸਰਟੀਫਿਕੇਟਾਂ ਤੇ ਮੈਡਲਾਂ ਨੂੰ ਪਰਵਾਰ ਵੱਲੋਂ ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਵੱਲੋਂ ਭੇਟ ਕਰਵਾਇਆ ਗਿਆ। ਇੰਦਰਜੀਤ ਸਿੰਘ ਨੇ ਹਾਲ ਹੀ ਵਿੱਚ ਇਕ ਘੰਟੇ ਦੇ ਸਮੇਂ ਵਿੱਚ ਰਿਕਾਰਡ 727 ਪੁੱਲ ਅਪ ਲਗਾ ਕੇ ਇੰਡੀਆ ਬੁੱਕ ਆਫ ਰਿਕਾਰਡ ਵਿੱਚ ਆਪਣਾ ਨਾਂਅ ਦਰਜ ਕਰਵਾਇਆ ਸੀ। ਇੱਥੇ ਨੌਜਵਾਨ ਇੰਦਰਜੀਤ ਸਿੰਘ ਨੂੰ ਅਦਾਰੇ ਵੱਲੋਂ ਜਾਰੀ ਹੋਏ ਗੋਲਡ ਮੈਡਲ ਸਰਟੀਫਿਕੇਟ, ਬੈਜ, ਪੈਨ ਆਦਿ ਤਗਮੇ ਭੇਟ ਕਰਨ ਉਪਰੰਤ ਪੰਜਾਬ ਮੋਰਚੇ ਦੇ ਕਨਵੀਨਰ ਗੌਰਵ ਰਾਣਾ ਨੇ ਕਿਹਾ ਕਿ ਸੂਬਾ ਸਰਕਾਰ ਨੂੰ ਪੰਜਾਬ ਵਿੱਚ ਸਿਰਫ ਪੰਜਾਬੀਆਂ ਨੂੰ ਹੀ ਨੌਕਰੀ ਦੇਣ ਤੇ ਜਮੀਨਾਂ ਖਰੀਦਣ ਦੇ ਅਧਿਕਾਰ ਵਿਧਾਨ ਸਭਾ ਵਿੱਚ ਸੈਸ਼ਨ ਬੁਲਾ ਕੇ ਸੋਧ ਕਰਕੇ ਸਥਾਪਿਤ ਕਰ ਦੇਣੇ ਚਾਹੀਦੇ ਹਨ। ਅਤੇ ਨਾਲ ਹੀ ਪੰਜਾਬ ਦੇ ਦਰਿਆਵਾਂ ਦਾ ਤੇ ਨਹਿਰਾਂ ਦਾ ਪਾਣੀ ਪੂਰੇ ਪੰਜਾਬ ਦੇ ਤਮਾਮ ਪਿੰਡਾਂ ਵਿੱਚੋਂ ਚੈਨਲਾਈਜ ਕਰਕੇ ਅੱਗੇ ਭੇਜਣ ਦਾ ਵੀ ਮਤਾ ਲਿਆਉਣਾ ਚਾਹੀਦਾ ਹੈ, ਤਾਂ ਹੀ ਇੰਦਰਜੀਤ ਵਰਗੇ ਇੰਡੀਆ ਬੁੱਕ ਆਫ ਰਿਕਾਰਡ ਸਮੇਤ ਨੈਸ਼ਨਲ ਲੈਵਲ ਦੇ ਜੇਤੂ ਖਿਡਾਰੀਆਂ ਉਸ ਤੋਂ ਬਾਅਦ ਸੂਬਾ ਪੱਧਰ ਦੇ ਜੇਤੂ ਖਿਡਾਰੀਆਂ ਤੇ ਨਾਲ ਹੀ ਇੰਟਰਨੈਸ਼ਨਲ ਪੱਧਰ ਦੇ ਜੇਤੂ ਖਿਡਾਰੀਆਂ ਦੀਆਂ ਸਰਕਾਰੀ ਨੌਕਰੀਆਂ ਸੁਰੱਖਿਅਤ ਰਹਿ ਸਕਦੀਆਂ ਹਨ। ਜੋ ਕਿ ਇਸ ਵਕਤ ਸਹੀ ਸਿਸਟਮ ਨਾ ਹੋਣ ਕਰਕੇ ਹੁਣ ਬਾਹਰੀ ਰਾਜਾਂ ਦੇ ਲੋਕ ਪੰਜਾਬੀਆਂ ਦਾ ਹੱਕ ਖਾ ਰਹੇ ਹਨ। ਉਹਨਾਂ ਨੇ ਇਲਾਕੇ ਭਰ ਦੇ ਨੌਜਵਾਨਾਂ ਨੂੰ ਇੰਦਰਜੀਤ ਸਿੰਘ ਤੋਂ ਸੇਧ ਲੈ ਕੇ ਖੇਡਾਂ ਤੇ ਨਵੀਆਂ ਐਕਟੀਵਿਟੀਆਂ ਕਰਕੇ ਆਪਣਾ ਉਜਵਲ ਭਵਿੱਖ ਬਣਾਉਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਉਹਨਾਂ ਦੇ ਨਾਲ ਡਿਜਾਸਟਰ ਕਮੇਟੀ ਦੇ ਆਗੂ ਯਾਦਵਿੰਦਰ ਸਿੰਘ, ਬਾਬਾ ਦਿਲਬਾਗ ਸਿੰਘ,ਚਾਚਾ ਜਸਵਿੰਦਰ ਸਿੰਘ ਤੇ ਪਰਮਜੀਤ ਸਿੰਘ, ਮਾਤਾ ਸੁਰਿੰਦਰ ਕੌਰ, ਕੁਲਵਿੰਦਰ ਕੌਰ,ਭਵਨਦੀਪ ਸਿੰਘ ਸਮੇਤ ਨਗਰ ਨਿਵਾਸੀ ਮੌਜੂਦ ਸਨ।

ਦੀਵਾਲੀ ਦਾ ਤਿਉਹਾਰ ਰਿਹਾ ਸ਼ਾਂਤੀਪੂਰਵਕ

ਫਿਲੌਰ (ਨਿਰਮਲ) ਇਸ ਵਾਰ ਦੀਵਾਲੀ ਦਾ ਤਿਉਹਾਰ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ, ਕਿਸੇ ਪਾਸਿਓਂ ਵੀ ਮਾੜੀ ਖਬਰ ਦੀ ਸੂਚਨਾ ਨਹੀਂ ਮਿਲੀ। ਮੰਦਰਾਂ ਵਿੱਚ ਪੂਜਾ ਲਈ ਲੋਕ ਪੁੱਜੇ। ਇਸ ਵਾਰ ਪਟਾਕਿਆ ਤੇ ਮਿਠਾਈ ਦੀ ਵਿਕਰੀ ਭਾਰੀ ਮਾਤਰਾ ਵਿੱਚ ਹੋਈ। ਹਲਵਾਈਆਂ,ਪਟਾਕੇ ਵੇਚਣ ਵਾਲੇ,ਬਰਤਨ ਵੇਚਣ ਵਾਲਿਆਂ ਦੀ ਖੂਬ ਵਿਕਰੀ ਹੋਈ।

ਇਲਾਕੇ ਵਿੱਚ ਪੁਲਸ ਵੱਲੋਂ ਐਸ.ਐਚ.ਓ ਇੰਸਪੈਕਟਰ ਸੁਰਿੰਦਰ ਕੁਮਾਰ ਦੀ ਅਗਵਾਈ ਹੇਠ ਹਰ ਪਿੰਡ ਹਰ ਕਸਬੇ ਵਿੱਚ ਗਸ਼ਤ ਕੀਤੀ ਗਈ।

ਇਲਾਕਾ ਨਿਵਾਸੀਆਂ ਨੂੰ ਅਮਨ ਸ਼ਾਂਤੀ ਬਣਾਏ ਰੱਖਣ ਲਈ ਵੀ ਪ੍ਰੇਰਿਆ ਬੱਸਾਂ,ਰੇਲਾਂ ਵਿੱਚ ਭਾਰੀ ਭੀੜ ਦੇਖਣ ਨੂੰ ਮਿਲੀ। ਸ਼ਰਾਬ ਦੀ ਵੀ ਭਾਰੀ ਸੇਲ ਵੇਖਣ ਨੂੰ ਮਿਲੀ। ਲੋਕ ਆਪਸੀ ਭਾਈਚਾਰਾ ਕਾਇਮ ਰੱਖਦੇ ਹੋਏ ਇੱਕ ਦੂਜੇ ਨੂੰ ਦਿਵਾਲੀ ਦੇ ਤੋਹਫੇ ਅਤੇ ਵਧਾਈ ਦਿੰਦੇ ਨਜ਼ਰ ਆਏ।

ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਵਿਖੇ ਮਨਾਇਆ ਚਿਲਡਰਨ ਦਿਵਸ

ਟਾਂਡਾ ਉੜਮੜ (ਉਂਕਾਰ ਸਿੰਘ)

ਬੇਟ ਖੇਤਰ ਦੀ ਨਾਮਵਰ ਵਿਦਿਅਕ ਸੰਸਥਾ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਵਿਖੇ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਤੇ ਪ੍ਰਿੰਸੀਪਲ ਸ਼ਾਰਦਾ ਦੱਤ ਅਤੇ ਸਟਾਫ ਵੱਲੋਂ ਚਿਲਡਰਨ ਡੇ 'ਤੇ ਬੱਚਿਆਂ ਦਾ ਖਾਸ ਪ੍ਰੋਗਰਾਮ ਪੇਸ਼ ਕੀਤਾ ਗਿਆ,ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਵੱਧ ਚੜ ਕੇ ਹਿੱਸਾ ਲਿਆ। ਇਸ ਮੌਕੇ ਮੈਡਮ ਪਰਮਜੀਤ ਕੌਰ ਨੇ ਬੱਚਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜਾਦਿਆਂ ਦੇ ਜੀਵਨ ਵੇਰਵਿਆਂ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਅਤੇ ਉਨਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ। ਇਸੇ ਤਰ੍ਹਾਂ ਮੈਡਮ ਜਸਵਿੰਦਰ ਕੌਰ ਨੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜੀਵਨ ਵੱਖ ਵੱਖ ਘਟਨਾਵਾਂ ਨੂੰ ਬੱਚਿਆਂ ਨਾਲ ਸਾਂਝਾ ਕੀਤਾ। ਪ੍ਰਿੰਸੀਪਲ ਸਾਧ ਦਾ ਦੱਤ ਨੇ ਆਪਣੇ ਸੰਬੋਧਨ ਵਿੱਚ ਬੱਚਿਆਂ ਨੂੰ ਕਿਹਾ ਕਿ ਜੀਵਨ ਵਿੱਚ ਹਮੇਸ਼ਾ ਅੱਗੇ ਵਧਣ ਲਈ ਸਾਨੂੰ ਚੰਗੀ ਸੋਚ ਚੰਗੇ ਖਿਆਲ ਅਤੇ ਚੰਗੇ ਲੋਕਾਂ ਨਾਲ ਰਹਿਣਾ ਚਾਹੀਦਾ ਹੈ। ਉਹਨਾਂ ਬੱਚਿਆਂ ਨੂੰ ਪ੍ਰੇਰਨਾ ਕੀਤੀ ਕਿ ਉਹ ਆਪਣੇ ਜੀਵਨ ਲਕਸ਼ ਦੀ ਪ੍ਰਾਪਤੀ ਲਈ ਜੀ-ਜਾਨ ਨਾਲ ਮਿਹਨਤ ਕਰਨ । ਇਸ ਮੌਕੇ ਸਕੂਲ ਸਟਾਫ ਵਿਚ ਮੈਡਮ ਜਸਵੀਰ ਕੌਰ, ਅੰਜੂ ਬਾਲਾ, ਮੋਨੀਕਾ, ਮਨਪ੍ਰੀਤ ਕੌਰ, ਤਰਨਜੀਤ ਕੌਰ, ਦਮਨਜੀਤ ਕੌਰ, ਡਿੰਪਲ, ਕਮਲਜੀਤ ਕੌਰ ਆਦਿ ਹਾਜਰ ਸਨ।

ਨ੍ਰਿਪਇੰਦਰ ਸਿੰਘ ਰਤਨ ਦੇ ਦਿਹਾਂਤ 'ਤੇ ਕੇਂਦਰੀ ਸਭਾ ਵੱਲੋਂ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)—ਬੀਤੇ ਕੱਲ ਚਲਾਣਾ ਕਰ ਗਏ ਪੰਜਾਬੀ ਦੇ ਪ੍ਰਮੁੱਖ ਸਾਹਿਤਕਾਰ ਅਤੇ ਸਾਬਕਾ ਪ੍ਰਸ਼ਾਸਨਿਕ ਅਧਿਕਾਰੀ ਨ੍ਰਿਪਇੰਦਰ ਸਿੰਘ ਰਤਨ ਦੇ ਦਿਹਾਂਤ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ ਅਟਵਾਲ ਦੇ ਹਵਾਲੇ ਨਾਲ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਕਿਹਾ ਕਿ ਸ਼੍ਰੀ ਰਤਨ ਇਕ ਇਮਾਨਦਾਰ ਆਈਏਐੱਸ ਅਧਿਕਾਰੀ ਹੋਣ ਦੇ ਨਾਲ-ਨਾਲ ਸ਼ਾਇਰ, ਕਹਾਣੀਕਾਰ, ਵਾਰਤਕ ਲੇਖਕ ਅਤੇ ਜੀਵਨੀ ਲੇਖਕ ਵਜੋਂ ਜਾਣੇ ਜਾਂਦੇ ਸਨ। ਉਨ੍ਹਾਂ ਦਰਜਨ ਭਰ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ, ਜਿਨ੍ਹਾਂ ਵਿਚ ਵਿਸ਼ੇਸ਼ ਤੌਰ ਤੇ 'ਅਫਸਰ ਦਾ ਜਨਮ', 'ਚੌਰਾਸੀ ਦੇ ਚੱਕਰ', 'ਆਰਜ਼ੀ ਫਾਈਲ', 'ਸਾਹਾਂ ਦੀ ਪੱਤਰੀ' ਅਤੇ 'ਤੀਸਰਾ ਬਨਵਾਸ' ਜ਼ਿਕਰਯੋਗ ਹਨ। ਕੇਂਦਰੀ ਸਭਾ ਦੇ ਅਹੁਦੇਦਾਰ ਸੁਰਿੰਦਰਪ੍ਰੀਤ ਘਣੀਆਂ, ਸ਼ੈਲਿੰਦਰਜੀਤ ਰਾਜਨ, ਮਨਜੀਤ ਇੰਦਰਾ, ਭੁਪਿੰਦਰ ਕੌਰ ਪ੍ਰੀਤ, ਬਲਵਿੰਦਰ ਸੰਧੂ, ਦਲਜੀਤ ਸਿੰਘ ਸਾਹੀ, ਮੂਲ ਚੰਦ ਸ਼ਰਮਾ, ਰਜਿੰਦਰ ਸਿੰਘ ਰਾਜਨ, ਮੱਖਣ ਕੁਹਾੜ ਅਤੇ ਡਾ. ਕਰਮਜੀਤ ਸਿੰਘ ਨੇ ਵੀ ਕਿਹਾ ਕਿ ਰਤਨ ਹੁਰਾਂ ਦੇ ਤੁਰ ਜਾਣ 'ਤੇ ਪੰਜਾਬੀ ਸਾਹਿਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਕੇਂਦਰੀ ਸਭਾ ਗਹਿਰੇ ਦੁੱਖ ਦਾ ਇਜ਼ਹਾਰ ਕਰਦੀ ਹੈ।

ਸਹਿਕਾਰੀ ਤੇ ਲੈਂਡ ਮਾਰਟਗੇਜ ਬੈਂਕਾਂ ਦੇ ਕਰਜ਼ਿਆਂ ਦੀ ਵਨ ਟਾਇਮ ਸੈਟਲਮੈਂਟ ਹੋਵੇ : ਗਰੇਵਾਲ

ਖਰੜ : (ਹਰਨਾਮ ਸਿੰਘ ਡੱਲਾ)

ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਸਮੇਂ ਸਮੇਂ ਉੱਤੇ ਖੇਤੀ ਨਾਲ ਸਬੰਧਤ ਸਹਿਕਾਰੀ ਅਤੇ ਲੈਂਡ ਮਾਰਟਗੇਜ ਬੈਂਕਾਂ ਦੇ ਕਿਸਾਨੀ ਕਰਜ਼ਿਆਂ ਦੀ ਵਨ ਟਾਇਮ ਸੈਟਲਮੈਂਟ ਕਰਕੇ ਕਿਸਾਨਾਂ ਨੂੰ ਰਾਹਤ ਦਿਵਾਉਂਦੀਆਂ ਰਹੀਆਂ ਹਨ। ਪਰ ਫਿਰ ਵੀ ਪੰਜਾਬ ਦਾ ਕਿਸਾਨ ਕਰਜੇ ਦੀ ਮਾਰ ਝੱਲ ਰਿਹਾ ਹੈ। ਸਰਕਾਰਾਂ ਨੇ ਕਿਸਾਨਾਂ ਦੀਆਂ ਵੋਟਾਂ ਲੈਣ ਲਈ ਕਰਜਾਂ ਕੁਰਕੀ ਮਾਫ ਕਰਨ ਦਾ ਲਾਰਾ ਲਾ ਕੇ ਕਿਸਾਨਾਂ ਨੂੰ ਬੈਂਕਾਂ ਦਾ ਡਫਾਲਟਰ ਬਣਾ ਦਿੱਤਾ ਹੈ। ਹੁਣ ਕਿਸਾਨ ਸਰਕਾਰ ਦੀ ਮਦਦ ਤੋਂ ਬਿਨਾਂ ਇਸ ਕਰਜੇ ਤੋਂ ਬਹਾਰ ਨਹੀ ਨਿਕਲ ਸਕਦਾ। ਸਰਕਾਰਾਂ ਦੀ ਬੇਰੁਖੀ ਕਾਰਨ ਕਿਸਾਨ ਦੇ ਸਿਰ ਕਰਜੇ ਦਾ ਬੋਝ ਦਿਨ ਪਰ ਦਿਨ ਹੋਰ ਵਧਦਾ ਜਾਵੇਗਾ। ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਮੋਹਾਲੀ ਤੋਂ ਪ੍ਰੈੱਸ ਸਕੱਤਰ ਰਣਬੀਰ ਸਿੰਘ ਗਰੇਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨਾਲ ਸਬੰਧਤ ਬੈਂਕਾਂ ਜਿਵੇ ਸਹਿਕਾਰੀ ਅਤੇ ਲੈਂਡ ਮਾਰਟਗੇਜ ਬੈਂਕ ਕਿਸਾਨਾਂ ਨੂੰ ਕਰਜਾ ਮੁਹੱਈਆ ਕਰਵਾਉਂਦੇ ਹਨ। ਇਹਨਾਂ ਬੈਂਕਾਂ ਦਾ ਹੀ ਕਿਸਾਨਾਂ ਸਿਰ ਸਭ ਤੋਂ ਵੱਧ ਕਰਜਾ ਹੈ। ਕੋਆਪਰੇਟਿਵ ਅਤੇ ਲੈਂਡ ਮਾਰਟਗੇਜ ਦੇ ਭਾਰੀ ਮਾਤਰਾ ਵਿੱਚ ਕਰਜੇ ਅੱਜ ਵੀ ਬੋਝ ਬਣੇ ਹੋਏ ਹਨ। ਜਿਸ ਕਰਕੇ ਕਿਸਾਨ ਬੇਚੈਨ ਹੈ। ਇਸੇ ਕਾਰਨ ਪੰਜਾਬ ਦੇ ਕਿਸਾਨਾਂ ਵਿੱਚ ਖੁਦਕੁਸ਼ੀ ਦਾ ਰੁਝਾਨ ਵਧਿਆ ਹੈ। ਗਰੇਵਾਲ ਨੇ ਪੰਜਾਬ ਸਰਕਾਰ ਤੋਂ ਮੰਗ ਹੈ ਕਿ ਪੰਜਾਬ ਕਿਸਾਨਾਂ ਅਤੇ ਮਜਦੂਰਾਂ ਲਈ ਵਨ ਟਾਇਮ ਸੈਟਲਮੈਂਟ ਤਹਿਤ ਕਿਸਾਨਾਂ ਤੋਂ ਵਸੂਲੀ ਕਰਕੇ ਖਾਤੇ ਚੁੱਕਤਾ ਕਰਵਾਏ ਜਾਣ।

ਬਾਲ ਦਿਵਸ ਮੌਕੇ ਖੁੱਡਾ ਸਕੂਲ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ

ਟਾਂਡਾ ਉੜਮੁੜ, (ਜਸਵਿੰਦਰ ਸੰਧੂ ਉਂਕਾਰ ਸਿੰਘ)-ਮਹੰਤ ਲਾਲ ਸਿੰਘ ਯਾਦਗਾਰੀ ਮਾਡਲ ਹਾਈ ਸਕੂਲ ਖੁੱਡਾ ਵਿਖੇ ਬਾਲ ਦਿਵਸ ਮੌਕੇ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਪ੍ਰਿੰਸੀਪਲ ਤਰਲੋਕ ਸਿੰਘ ਖੁੱਡਾ ਦੀ ਅਗਵਾਈ ਤੇ ਪ੍ਰਿੰਸੀਪਲ ਰਾਜਵਿੰਦਰ ਕੌਰ ਦੀ ਦੇਖਰੇਖ ਹੇਠ ਕਰਵਾਏ ਗਏ ਇਸ ਸਮਾਗਮ ਦੌਰਾਨ ਮਹੰਤ ਲਾਲ ਸਿੰਘ ਸੇਵਾ ਸੋਸਾਇਟੀ ਖੁੱਡਾ ਦੇ ਚੇਅਰਮੈਨ ਸੰਤ ਬਾਬਾ ਤੇਜਾ ਸਿੰਘ ਮੁੱਖ ਸੇਵਾਦਾਰ ਡੇਰਾ ਗੁਰੂਸਰ ਖੁੱਡਾ ਵਾਲਿਆਂ ਅਤੇ ਮੁੱਖ ਮਹਿਮਾਨ ਸੰਤ ਸੁਖਜੀਤ ਸਿੰਘ ਖੁੱਡਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ। ਇਸ ਸਮਾਰੋਹ ਦੀ ਸ਼ੁਰੂਆਤ ਸਬਦ ਕੀਰਤਨ ਨਾਲ ਕਰਨ ਉਪਰੰਤ ਬੱਚਿਆਂ ਨੇ ਸਮਾਜਿਕ ਬੁਰਾਈਆਂ ਦਹੇਜ ਪ੍ਰਥਾ, ਨਸ਼ਾਖੋਰੀ ਅਤੇ ਭ੍ਰਿਸ਼ਟਾਚਾਰੀ ਨੂੰ ਦਰਸਾਉਂਦੀਆਂ ਸਕਿੱਟਾਂ ਨਾਟਕ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਸਾਨਦਾਰ ਰੰਗਾ-ਰੰਗ ਪ੍ਰੋਗਰਾਮ ਗਿੱਧਾ ਤੇ ਭੰਗੜਾ ਵੀ ਪੇਸ਼ ਕੀਤਾ। ਮੁੱਖ ਮਹਿਮਾਨ ਸੰਤ ਬਾਬਾ ਤੇਜਾ ਸਿੰਘ ਨੇ ਜਿੱਥੇ ਵਿਦਿਆਰਥੀਆਂ ਨੂੰ ਬਾਲ ਦਿਵਸ 'ਤੇ ਵਧਾਈ ਦਿੱਤੀ ਉੱਥੇ ਹੀ ਉਹਨਾਂ ਬੋਰਡ ਦੀ ਪ੍ਰੀਖਿਆ ਦੇ ਨਤੀਜੇ ਦੌਰਾਨ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕਰਨ ਵਾਲੇ ਪੰਜਵੀਂ, ਅਠਵੀਂ ਅਤੇ ਦਸਵੀਂ ਕਲਾਸ ਦੇ ਵਿਦਿਆ